Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 133 | Thursday, July 07, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਡਬਲਿਊਐਸਓ ਵੱਲੋਂ ਸ਼ਿਕਾਇਤ ਦਰਜ ਕਰਵਾਉਣ ਉੱਤੇ ਟੋਰਾਂਟੋ ਨੇ ਬਦਲੀ ਕਲੀਨ ਸ਼ੇਵ ਮਾਸਕਿੰਗ ਨੀਤੀ



ਟੋਰਾਂਟੋ, 6 ਜੁਲਾਈ (ਪੋਸਟ ਬਿਊਰੋ) : ਕੁੱਝ ਸਿੱਖ ਸਕਿਊਰਿਟੀ ਗਾਰਡਜ਼ ਵੱਲੋਂ ਆਪਣੀ ਦਾੜ੍ਹੀ ਸ਼ੇਵ ਕਰਨ ਤੋਂ ਇਨਕਾਰ ਕਰਨ ਕਾਰਨ ਨੌਕਰੀ ਤੋਂ ਹੱਥ ਧੁਆ ਲਏ ਜਾਣ ਤੋਂ ਬਾਅਦ ਵਰਲਡ ਸਿੱਖ ਆਰਗੇਨਾਈਜ਼ੇਸ਼ਨ (ਡਬਲਿਊਐਸਓ) ਵੱਲੋਂ ਦਖਲ ਦਿੱਤੇ ਜਾਣ ਤੋਂ ਬਾਅਦ ਟੋਰਾਂਟੋ ਵਿੱਚ ਵਰਕਰਜ਼ ਲਈ ਤਥਾ ਕਥਿਤ ਕਲੀਨ ਸ਼ੇਵ ਪਾਲਿਸੀ ਵਿੱਚ ਸੋਧ ਕੀਤੀ ਗਈ ਹੈ।

ਡਬਲਿਊਐਸਓ ਦੇ ਇੱਕ ਅਧਿਕਾਰੀ ਵੱਲੋਂ ਮੰਗਲਵਾਰ ਦੁਪਹਿਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਗਈ। ਜ਼ਿਕਰਯੋਗ ਹੈ ਕਿ ਸਿਟੀ ਆਫ ਟੋਰਾਂਟੋ ਵੱਲੋਂ ਲਿਆਂਦੀ ਗਈ ਨਵੀਂ ਨੀਤੀ ਤਹਿਤ ਐਨ 95 ਰੈਸਪੀਰੇਟਰੀ ਮਾਸਕ ਦੇ ਮੂੰਹ ਉੱਤੇ ਫਿੱਟ ਹੋਣ ਲਈ ਕਿਸੇ ਕਰਮਚਾਰੀ ਦਾ ਕਲੀਨ ਸੇਵਨ ਹੋਣਾ ਜ਼ਰੂਰੀ ਦੱਸਿਆ ਗਿਆ। ਇਸ ਤੋਂ ਬਾਅਦ ਤੀਜੀਆਂ ਪਾਰਟੀਆਂ ਵੱਲੋਂ ਇਸ ਨੀਤੀ ਦੀ ਪਾਲਣਾ ਨਾ ਕਰਨ ਵਾਲੇ 100 ਦੇ ਨੇੜੇ ਤੇੜੇ ਸਿੱਖ ਸਕਿਊਰਿਟੀ ਗਾਰਡਜ਼ ਨੂੰ ਜਾਂ ਤਾਂ ਨੌਕਰੀ ਤੋਂ ਕੱਢ ਦਿੱਤਾ ਗਿਆ, ਜਾਂ ਉਨ੍ਹਾਂ ਦੀ ਬਦਲੀ ਕਰ ਦਿੱਤੀ ਗਈ ਤੇ ਜਾਂ ਫਿਰ ਉਨ੍ਹਾਂ ਦੀਆਂ ਸ਼ਿਫਟਾਂ ਰੱਦ ਕਰ ਦਿੱਤੀਆਂ ਗਈਆਂ।

ਡਬਲਿਊਐਸਓ ਦੇ ਬੁਲਾਰੇ ਤੇ ਲੀਗਲ ਕਾਊਂਸਲ ਬਲਪ੍ਰੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਮੇਅਰ ਟਰੀ ਤੋ ਕਾਲ ਆਈ ਹੈ ਤੇ ਉਨ੍ਹਾਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਸਕਿਊਰਿਟੀ ਗਾਰਡਜ਼ ਆਪਣੀਆਂ ਨੌਕਰੀਆਂ ਉੱਤੇ ਪਰਤ ਸਕਦੇ ਹਨ ਤੇ ਇਸ ਨੂੰ ਯਕੀਨੀ ਬਣਾਉਣ ਲਈ ਸਿਟੀ ਵੱਲੋਂ ਸਕਿਊਰਿਟੀ ਕਾਂਟਰੈਕਟਰਜ਼ ਨਾਲ ਰਲ ਕੇ ਕੰਮ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਆਖਿਆ ਕਿ ਐਨ 95 ਦੀ ਲੋੜ ਉੱਥੇ ਹੀ ਹੋਵੇਗੀ ਜਿੱਥੇ ਕੋਈ ਆਊਟਬ੍ਰੇਕ ਹੋਵੇਗੀ। ਉਨ੍ਹਾਂ ਆਖਿਆ ਕਿ ਅਜਿਹੀ ਇੱਕੋ ਥਾਂ ਹੈ ਤੇ ਉੱਥੇ ਵੀ ਲੇਟੈਕਸ ਜਾਂ ਕੱਪੜੇ ਨਾਲ ਦਾੜ੍ਹੀ ਨੂੰ ਕਵਰ ਕੀਤਾ ਜਾ ਸਕਦਾ ਹੈ ਤੇ ਅਸੀਂ ਪਹਿਲਾਂ ਵੀ ਇਹੋ ਸੁਝਾਅ ਦਿੱਤਾ ਸੀ।

## ਪੈਟ੍ਰਿਕ ਬ੍ਰਾਊਨ ਨੂੰ ਫੈਡਰਲ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਤੋਂ ਕੀਤਾ ਗਿਆ ਡਿਸਕੁਆਲੀਫਾਈ



ਓਟਵਾ, 6 ਜੁਲਾਈ (ਪੋਸਟ ਬਿਊਰੋ) : ਪੈਟ੍ਰਿਕ ਬ੍ਰਾਊਨ ਨੂੰ ਫੈਡਰਲ ਕੰਜ਼ਰਵੇਟਿਵ ਲੀਡਰਸ਼ਿਪ ਦੌੜ ਤੋਂ ਪਾਸੇ ਕਰ ਦਿੱਤਾ ਗਿਆ ਹੈ। ਭਾਵੇਂ ਵੋਟਾਂ ਮੇਲ ਕੀਤੇ ਜਾਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਿਆ ਹੈ ਪਰ ਬ੍ਰਾਊਨ ਨੂੰ ਡਿਸਕੁਆਲੀਫਾਈ ਕਰ ਦਿੱਤਾ ਗਿਆ ਹੈ। ਇਸ ਦੌਰਾਨ ਬ੍ਰਾਊਨ ਵੱਲੋਂ ਇਸ ਫੈਸਲੇ ਖਿਲਾਫ ਆਵਾਜ਼ ਉਠਾਉਣ ਦਾ ਮਨ ਬਣਾਇਆ ਗਿਆ ਹੈ।

ਬੁੱਧਵਾਰ ਸਵੇਰੇ ਇੱਕ ਲਿਖਤੀ ਬਿਆਨ ਵਿੱਚ ਬ੍ਰਾਊਨ ਦੇ ਕੈਂਪੇਨ ਅਧਿਕਾਰੀਆਂ ਵੱਲੋਂ ਆਖਿਆ ਗਿਆ ਕਿ ਇਹ ਬਹੁਤ ਹੀ ਨਿੰਦਣਯੋਗ ਤੇ ਗੈਰ ਜਮਹੂਰੀ ਵਿਵਹਾਰ ਹੈ ਜਿਸਨੇ ਪੈਟ੍ਰਿਕ ਬ੍ਰਾਊਨ ਦੇ ਆਧੁਨਿਕ ਨਜ਼ਰੀਏ ਨੂੰ ਪਸੰਦ ਕਰਨ ਵਾਲੇ ਸੈਂਕੜੇ ਕੈਨੇਡੀਅਨਾਂ ਦਾ ਯਕੀਨ ਤੋੜ ਕੇ ਰੱਖ ਦਿੱਤਾ ਹੈ। ਇਹ ਵੀ ਆਖਿਆ ਗਿਆ ਕਿ ਇਹ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੇ ਨਾਂ ਉੱਤੇ ਧੱਬਾ ਹੈ ਤੇ ਇਹ ਪਾਰਟੀ ਜਨਰਲ ਚੋਣਾਂ ਜਿੱਤਣ ਲਈ ਬਿਲਕੁਲ ਵੀ ਸੰਜੀਦਾ ਨਹੀਂ ਹੈ। ਇਹ ਸ਼ਰਮਿੰਦਗੀ ਵਾਲੀ ਗੱਲ ਹੈ ਪਰ ਸਾਡੇ ਲਈ ਨਹੀਂ। ਇਹ ਦੋਸ਼ ਵੀ ਲਾਏ ਗਏ ਹਨ ਕਿ ਕੰਜ਼ਰਵੇਟਿਵ ਪਾਰਟੀ ਪੌਲੀਏਵਰ ਦੇ ਪੱਖ ਵਿੱਚ ਭੁਗਤ ਰਹੀ ਹੈ।

ਗੌਰਤਲਬ ਹੈ ਕਿ ਲੀਡਰਸ਼ਿਪ ਇਲੈਕਸ਼ਨ ਆਰਗੇਨਾਈਜ਼ਿੰਗ ਕਮੇਟੀ ਦੇ ਚੇਅਰ ਇਆਨ ਬ੍ਰੌਡੀ ਨੇ ਮੰਗਲਵਾਰ ਰਾਤ ਨੂੰ ਇਸ ਫੈਸਲੇ ਦਾ ਐਲਾਨ ਕੀਤਾ। ਬ੍ਰੌਡੀ ਨੇ ਆਖਿਆ ਕਿ ਬ੍ਰਾਊਨ ਦੀ ਕੈਂਪੇਨ ਵੱਲੋਂ ਕੁੱਝ ਗੜਬੜੀ ਕੀਤੇ ਜਾਣ ਦਾ ਪਤਾ ਲੱਗਿਆ ਹੈ ਤੇ ਇਸ ਤਰ੍ਹਾਂ ਦੀਆਂ ਹਰਕਤਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਬ੍ਰੌਡੀ ਨੇ ਇੱਕ ਲਿਖਤੀ ਬਿਆਨ ਵਿੱਚ ਇਹ ਦੋਸ਼ ਲਾਏ ਪਰ ਉਨ੍ਹਾਂ ਵੱਲੋਂ ਇਸ ਸਬੰਧੀ ਕੋਈ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਦੋਸ਼ ਕੈਨੇਡਾ ਇਲੈਕਸ਼ਨ ਐਕਟ ਦੇ ਵਿੱਤੀ ਨਿਯਮਾਂ ਨਾਲ ਸਬੰਧਤ ਹਨ।

## ਬ੍ਰਾਊਨ ਨੇ ਖੁਦ ਨੂੰ ਡਿਸਕੁਆਲੀਫਾਈ ਕਰਨ ਪਿੱਛੇ ਸਿਆਸੀ ਭ੍ਰਿਸ਼ਟਾਚਾਰ ਨੂੰ ਦੱਸਿਆ ਜ਼ਿੰਮੇਵਾਰ

ਓਟਵਾ, 6 ਜੁਲਾਈ (ਪੋਸਟ ਬਿਊਰੋ) : ਹਾਲ ਹੀ ਵਿੱਚ ਡਿਸਕੁਆਲੀਫਾਈ ਕੀਤੇ ਗਏ ਕੰਜ਼ਰਵੇਟਿਵ ਪਾਰਟੀ ਲੀਡਰਸ਼ਿਪ ਉਮੀਦਵਾਰ ਪੈਟ੍ਰਿਕ ਬ੍ਰਾਊਨ ਵੱਲੋਂ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਇਸ ਦੌੜ ਤੋਂ ਪਾਸੇ ਕਰਨ ਲਈ ਸਿਆਸੀ ਭ੍ਰਿਸ਼ਟਾਚਾਰ ਦਾ ਸਹਾਰਾ ਲਿਆ ਗਿਆ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਕੈਂਪੇਨ ਉੱਤੇ ਚੋਣ ਫਾਇਨਾਂਸਿੰਗ ਨਿਯਮਾਂ ਨੂੰ ਤੋੜਨ ਦਾ ਇਲਜ਼ਾਮ ਵੀ ਲਾਇਆ ਗਿਆ।

ਇੱਕ ਇੰਟਰਵਿਊ ਵਿੱਚ ਬ੍ਰਾਊਨ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਪੱਕਾ ਯਕੀਨ ਹੈ ਕਿ ਇਸ ਕਦਮ ਪਿੱਛੇ ਲੀਡਰਸ਼ਿਪ ਇਲੈਕਸ਼ਨ ਕਮੇਟੀ ਵਿੱਚ ਮੌਜੂਦ ਪਿਏਰ ਪੌਲੀਏਵਰ ਦੇ ਸਮਰਥਕਾਂ ਦਾ ਹੀ ਹੱਥ ਹੈ। ਜ਼ਿਕਰਯੋਗ ਹੈ ਕਿ ਇਸ ਕਮੇਟੀ ਦੇ ਚੇਅਰ ਇਆਨ ਬ੍ਰੌਡੀ ਵੱਲੋਂ ਮੰਗਲਵਾਰ ਸ਼ਾਮ ਨੂੰ ਬ੍ਰਾਊਨ ਦੀ ਡਿਸਕੁਆਲੀਫਿਕੇਸ਼ਨ ਦਾ ਐਲਾਨ ਕੀਤਾ ਗਿਆ ਸੀ ਤੇ ਬ੍ਰਾਊਨ ਦੇ ਕੈਂਪੇਨ ਅਧਿਕਾਰੀਆਂ ਵੱਲੋਂ ਗੜਬੜੀ ਕੀਤੇ ਜਾਣ ਦੇ ਦੋਸ਼ ਵੀ ਲਾਏ ਗਏ ਸਨ।

ਇੱਕ ਬਿਆਨ ਵਿੱਚ ਆਖਿਆ ਗਿਆ ਸੀ ਕਿ ਪੈਟ੍ਰਿਕ ਬ੍ਰਾਊਨ ਦੀ ਕੈਂਪੇਨ ਵੱਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਤਸੱਲੀਬਖਸ਼ ਨਹੀਂ ਹੈ ਤੇ ਕੈਨੇਡਾ ਇਲੈਕਸ਼ਨਜ਼ ਐਕਟ ਦੇ ਨਿਯਮਾਂ ਤੇ ਪ੍ਰਬੰਧਾਂ ਨਾਲ ਮੇਲ ਨਹੀਂ ਖਾਂਦੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਬ੍ਰਾਊਨ ਦੀ ਕੈਂਪੇਨ ਉੱਤੇ ਕਿਹੋ ਜਿਹੇ ਇਲਜ਼ਾਮਾਤ ਲਾਏ ਗਏ ਹਨ ਇਸ ਬਾਰੇ ਕੋਈ ਵੇਰਵੇ ਹਾਲ ਦੀ ਘੜੀ ਜਾਰੀ ਨਹੀਂ ਕੀਤੇ ਗਏ। ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਸਾਨੂੰ ਇਸ ਗੱਲ ਦਾ ਅਫਸੋਸ ਹੈ ਕਿ ਸਾਨੂੰ ਇਹ ਕਦਮ ਚੁੱਕਣਾ ਪਿਆ ਪਰ ਸਾਡੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਪਾਰਟੀ ਦੇ ਨਿਯਮਾਂ ਤੇ ਫੈਡਰਲ ਕਾਨੂੰਨ ਦਾ ਸਾਰੇ ਉਮੀਦਵਾਰਾਂ ਤੇ ਕੈਂਪੇਨ ਟੀਮਜ਼ ਵੱਲੋਂ ਸਤਿਕਾਰ ਕੀਤਾ ਜਾਵੇ।

ਇਸ ਦੌਰਾਨ ਪਿਏਰ ਪੌਲੀਏਵਰ ਦੀ ਕੈਂਪੇਨ ਵੱਲੋਂ ਵੀ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਹੋਇਆਂ ਬੁੱਧਵਾਰ ਸਵੇਰੇ ਆਖਿਆ ਗਿਆ ਕਿ ਅਜਿਹਾ ਪਹਿਲੀ ਵਾਰੀ ਨਹੀਂ ਹੋਇਆਂ ਕਿ ਪੈਟ੍ਰਿਕ ਨੂੰ ਪਬਲਿਕ ਆਫਿਸ ਵਾਸਤੇ ਚੋਣ ਵਿੱਚ ਹਿੱਸਾ ਲੈਣ ਲਈ ਡਿਸਕੁਆਲੀਫਾਈ ਕੀਤਾ ਗਿਆ ਹੋਵੇ। ਪੌਲੀਏਵਰ ਦੇ ਕੈਂਪੇਨ ਬੁਲਾਰੇ ਐਂਥਨੀ ਕੋਚ ਨੇ ਆਖਿਆ ਕਿ ਓਨਟਾਰੀਓ ਦੀ ਪੀਸੀ ਪਾਰਟੀ ਉਸ ਨੂੰ ਲੋਕਲ ਉਮੀਦਵਾਰ ਵਜੋਂ ਵੀ ਡਿਸਕੁਆਲੀਫਾਈ ਕਰ ਚੁੱਕੀ ਹੈ। ਪੈਟ੍ਰਿਕ ਅਜਿਹਾ ਸ਼ਖਸ ਹੈ ਕਿ ਉਹ ਜਿੱਤਣ ਲਈ ਕੁੱਝ ਵੀ ਕਰ ਸਕਦਾ ਹੈ।

## ਐਕਸਪ੍ਰੈੱਸ ਐਂਟਰੀ ਤਹਿਤ ਡਰਾਅ ਕੱਢਣ ਦਾ ਸਿਲਸਿਲਾ ਮੁੜ ਕੀਤਾ ਜਾ ਰਿਹਾ ਹੈ ਸ਼ੁਰੂ



ਓਟਵਾ, 6 ਜੁਲਾਈ (ਪੋਸਟ ਬਿਊਰੋ) : ਕੈਨੇਡਾ ਦੇ ਇਮੀਗ੍ਰੇਸ਼ਨ ਡਿਪਾਰਟਮੈਂਟ ਵੱਲੋਂ ਛੇ ਜੁਲਾਈ ਤੋਂ ਐਕਸਪ੍ਰੈੱਸ ਐਂਟਰੀ ਤਹਿਤ ਸਾਰੇ ਪ੍ਰੋਗਰਾਮਾਂ ਲਈ ਡਰਾਅ ਕੱਢਣ ਦਾ ਸਿਲਸਿਲਾ ਮੁੜ ਸ਼ੁਰੂ ਕੀਤਾ ਜਾ ਰਿਹਾ ਹੈ।

ਐਕਸਪ੍ਰੈੱਸ ਐਂਟਰੀ ਵਰਗੇ ਸਿਸਟਮ ਨੂੰ ਤਥਾ ਕਥਿਤ ਤੌਰ ਉੱਤੇ ਇਕਨੌਮਿਕ ਇਮੀਗ੍ਰੈਂਟਸ ਦੀ ਚੋਣ ਕਰਨ ਲਈ ਵਰਤਿਆ ਜਾਂਦਾ ਹੈ। ਮਹਾਂਮਾਰੀ ਤੇ ਉਸ ਸਦਕਾ ਟਰੈਵਲ ਸਬੰਧੀ ਪਾਬੰਦੀਆਂ ਕਾਰਨ ਆਰਜ਼ੀ ਤੌਰ ਉੱਤੇ ਇਹ ਸਿਸਟਮ ਬੰਦ ਕਰ ਦਿੱਤਾ ਗਿਆ ਸੀ। ਪਰਮਾਨੈਂਟ ਰੈਜ਼ੀਡੈਂਸੀ ਹਾਸਲ ਕਰਨ ਲਈ ਕਈ ਲੋਕ ਜਿਹੜੇ ਬੈਕਲਾਗ ਵਿੱਚ ਹੀ ਫਸ ਗਏ ਸਨ ਉਨ੍ਹਾਂ ਲਈ ਇਹ ਕਾਫੀ ਰਾਹਤ ਭਰੀ ਖਬਰ ਹੈ। ਕਈਆਂ ਦਾ ਕਹਿਣਾ ਹੈ ਕਿ ਉਡੀਕ ਸਮੇਂ ਕਾਰਨ ਉਨ੍ਹਾਂ ਦੀ ਜ਼ਿੰਦਗੀ ਵਿੱਚ ਕਾਫੀ ਤਣਾਅ ਤੇ ਪਰੇਸ਼ਾਨੀ ਆਈ।

ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡੀਅਨ ਐਕਸਪੀਰੀਐਂਸ ਕਲਾਸ (ਸੀਈਸੀ)ਸਬੰਧੀ ਡਰਾਅਜ਼ ਪਿਛਲੇ ਸਾਲ ਸਤੰਬਰ ਤੋਂ ਹੀ ਬੰਦ ਹਨ। ਫੈਡਰਲ ਸਕਿੱਲਡ ਵਰਕਰ ਪ੍ਰੋਗਰਾਮ (ਐਫਐਸਡਬਲਿਊਪੀ) ਤੇ ਫੈਡਰਲ ਸਕਿੱਲਡ ਟਰੇਡਜ਼ ਪ੍ਰੋਗਰਾਮ (ਐਫਐਸਟੀਪੀ) ਉੱਤੇ ਪਿਛਲੇ 18 ਮਹੀਨਿਆਂ ਭਾਵ ਦਸੰਬਰ 2020 ਤੋਂ ਰੋਕ ਲੱਗੀ ਹੋਈ ਹੈ।

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਨੇ ਟਵੀਟ ਕਰਕੇ ਆਖਿਆ ਕਿ ਕੈਨੇਡੀਅਨ ਅਰਥਚਾਰੇ ਵਿੱਚ ਨਿਊਕਮਰਜ਼ ਅਹਿਮ ਭੂਮਿਕਾ ਨਿਭਾਉਣੀ ਜਾਰੀ ਰੱਖਣਗੇ ਤੇ ਅਸੀਂ ਇਸ ਪ੍ਰੋਗਰਾਮ ਦੀ ਮੁੜ ਸ਼ੁਰੂਆਤ ਕਰਨ ਉੱਤੇ ਕਾਫੀ ਆਸਵੰਦ ਹਾਂ। ਇਹ ਫੈਸਲਾ ਉਸ ਸਮੇਂ ਕੀਤਾ ਗਿਆ ਹੈ ਜਦੋਂ ਕੈਨੇਡਾ ਵਿੱਚ ਮੌਜੂਦਾ ਇਮੀਗ੍ਰੇਸ਼ਨ ਬੈਕਲਾਗ 2.4 ਮਿਲੀਅਨ ਲੋਕਾਂ ਤੱਕ ਪਹੁੰਚ ਚੁੱਕਿਆ ਹੈ ਤੇ ਦੇਸ਼ ਇਸ ਸਮੇਂ ਲੇਬਰ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX | 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill
Certified & Licensed Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0646
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor


Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਓ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR
HOME & APPLIANCES
Exclusive Deal
ON THIS CANADA DAY
$4799
PLUS TAX
GRAB A FREE GIFT WITH
THIS PACKAGE
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
chatr™
AUTHORIZED DEALER
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਮੰਤਰੀ ਇੰਗਲੈਂਡ ਦੇ ਲੱਗੇ ਨੇ ਕਿਰਨ ਜਿੰਦਾਂ,
ਸਰਕਾਰ ਗਈ ਲੱਗਦੀ ਅੱਜ ਜਾਂ ਕੱਲ੍ਹ ਬੇਲੀ।
ਪ੍ਰਧਾਨ ਮੰਤਰੀ ਦੀ ਘਟ ਗਈ ਕਦਰ ਬਾਹਲੀ,
ਉਹਦੀ ਸਮਝ ਰਿਹਾ ਕੋਈ ਨਹੀਂ ਗੱਲ ਬੇਲੀ।
ਕਰ ਕੇ ਗਲਤੀਆਂ ਆਖੀਆਂ ਜਾਇਜ਼ ਪਿੱਛੋਂ,
ਇਸ ਤੋਂ ਉੱਪਰ ਨਹੀਂ ਕੋਈ ਸੀ ਝੱਲ ਬੇਲੀ।
ਲੱਗਦੀ ਆ ਗੱਡੀ ਨੀਵਾਣਾਂ ਦੇ ਵੱਲ ਰਿੜ੍ਹਦੀ,
ਲੱਗ ਰਹੀ ਜਾਪਦੀ ਮੁਸ਼ਕਲ ਆ ਠੱਲ੍ਹ ਬੇਲੀ।
ਜਾਨਸਨ ਘੁੰਮਦਾ ਸੀ ਪਿਆ ਆਕਾਸ਼ ਉੱਪਰ,
ਕੱਟੀ ਗਈ ਗੁੱਡੀ ਦੇ ਵਾਂਗ ਰਿਹਾ ਡੋਲ ਬੇਲੀ।
ਆਈਆਂ ਚੋਣਾਂ ਤੇ ਜਿੱਤਣ ਦਾ ਰਾਹ ਨਹੀਂਉਂ,
ਉਲਟ ਵਹਿਣੀ ਦਾ ਖੜਕ ਰਿਹਾ ਢੋਲ ਬੇਲੀ।

**ਤੀਸ ਮਾਰ ਖਾਂ**

# ਇੱਕ ਵਿਅਕਤੀ ਉੱਤੇ ਕਈ ਵਾਰੀ ਹਮਲਾ ਕਰਨ ਵਾਲੇ ਮਸ਼ਕੂਕ ਦੀ ਪੁਲਿਸ ਕਰ ਰਹੀ ਹੈ ਭਾਲ

ਟੋਰਾਂਟੋ, 6 ਜੁਲਾਈ (ਪੋਸਟ ਬਿਊਰੋ) : ਟੀਟੀਸੀ ਸਟੇਸ਼ਨ ਦੇ ਪੂਰਬੀ ਸਿਰੇ ਉੱਤੇ ਇੱਕ ਵਿਅਕਤੀ ਉੱਤੇ ਕਈ ਵਾਰੀ ਹਮਲਾ ਕਰਨ ਦੇ ਮਾਮਲੇ ਵਿੱਚ ਟੋਰਾਂਟੋ ਪੁਲਿਸ ਵੱਲੋਂ ਇੱਕ ਮਸ਼ਕੂਕ ਦੀ ਭਾਲ ਕੀਤੀ ਜਾ ਰਹੀ ਹੈ। ਟੋਰਾਂਟੋ ਪੁਲਿਸ ਵੱਲੋਂ ਇਸ ਮਸ਼ਕੂਕ ਦੀ ਸਕਿਊਰਿਟੀ ਕੈਮਰੇ ਵਾਲੀ ਤਸਵੀਰ ਵੀ ਜਾਰੀ ਕੀਤੀ ਗਈ ਹੈ।

ਇਹ ਘਟਨਾ 27 ਜੂਨ ਨੂੰ ਦੁਪਹਿਰੇ 3:35 ਉੱਤੇ ਡੈਨਫੋਰਥ ਐਵਨਿਊ ਦੇ ਉੱਤਰ ਵੱਲ ਸਥਿਤ ਵਿਕਟੋਰੀਆ ਪਾਰਕ ਸਬਵੇਅ ਸਟੇਸ਼ਨ ਉੱਤੇ ਵਾਪਰੀ। ਪੁਲਿਸ ਅਨੁਸਾਰ ਇੱਕ 49 ਸਾਲਾ ਵਿਅਕਤੀ ਦੁਪਹਿਰ ਦੇ 3:30 ਵਜੇ ਸਟੇਸ਼ਨ ਦੇ ਬਾਹਰ ਸਿਗਰਟ ਪੀ ਰਿਹਾ ਸੀ ਜਦੋਂ ਉਸ ਦੀ ਤੂੰ ਤੂੰ ਮੈਂ ਮੈਂ ਇੱਕ ਹੋਰ ਵਿਅਕਤੀ ਨਾਲ ਹੋ ਗਈ।



ਜਾਂਚਕਾਰਾਂ ਨੇ ਦੱਸਿਆ ਕਿ ਇਸ ਮਗਰੋਂ ਦੂਜੇ ਸ਼ਖਸ ਨੇ 49 ਸਾਲਾ ਵਿਅਕਤੀ ਉੱਤੇ ਕਈ ਵਾਰੀ ਹਮਲਾ ਕੀਤਾ।ਜ਼ਖ਼ਮੀ ਹਾਲਤ ਵਿੱਚ ਉਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਤੋਂ ਬਾਅਦ ਉਸ ਨੂੰ ਛੁੱਟੀ ਦੇ ਦਿੱਤੀ ਗਈ। ਮਸ਼ਕੂਕ ਦੀ ਕੱਦਕਾਠੀ ਦਰਮਿਆਨੀ ਦੱਸੀ ਜਾਂਦੀ ਹੈ ਤੇ ਉਸ ਦੇ ਕਾਲੇ ਤੇ ਭਾਰੇ ਵਾਲ ਹਨ। ਉਸ ਨੂੰ ਆਖਰੀ ਵਾਰੀ ਨੀਲੇ ਤੇ ਚਿੱਟੇ ਰੰਗ ਦੀ ਲਾਈਨਾਂ ਵਾਲੀ ਸ਼ਰਟ ਤੇ ਨੀਲੀ ਜੀਨਜ਼, ਗ੍ਰੇਅ ਰਨਰਜ਼ ਤੇ ਚਿੱਟੇ ਜੁੱਤਿਆਂ ਵਿੱਚ ਵੇਖਿਆ ਗਿਆ ਸੀ। ਉਸ ਕੋਲ ਸੈੱਲਫੋਨ ਸੀ ਜਿਸ ਨਾਲ ਉਸ ਨੇ ਹੈੱਡਫੋਨ ਜੋੜੇ ਹੋਏ ਸਨ।

# ਜਿਸ ਮਹਿਲਾ ਨੂੰ ਬੱਸ ਵਿੱਚ ਲਾਈ ਗਈ ਸੀ ਅੱਗ ਉਸ ਦੀ ਹੋਈ ਮੌਤ

ਟੋਰਾਂਟੋ, 6 ਜੁਲਾਈ (ਪੋਸਟ ਬਿਊਰੋ) : ਪਿਛਲੇ ਮਹੀਨੇ ਟੋਰਾਂਟੋ ਦੀ ਬੱਸ ਵਿੱਚ ਸਫਰ ਕਰਦੇ ਸਮੇਂ ਜਿਸ ਮਹਿਲਾ ਨੂੰ ਅਚਾਨਕ ਅੱਗ ਲਾ ਦਿੱਤੀ ਗਈ ਸੀ ਉਸ ਦੀ ਮੌਤ ਹੋ ਗਈ ਹੈ। ਇਸ ਦੀ ਪੁਸ਼ਟੀ ਪੁਲਿਸ ਵੱਲੋਂ ਕੀਤੀ ਗਈ।

ਇਹ ਘਟਨਾ 17 ਜੂਨ ਨੂੰ ਕਿਪਲਿੰਗ ਐਵਨਿਊ ਤੇ ਡੰਡਸ ਸਟਰੀਟ ਨੇੜੇ ਕਿਪਲਿੰਗ ਸਟੇਸ਼ਨ ਉੱਤੇ ਦੁਪਹਿਰੇ 12:30 ਵਜੇ ਦੇ ਨੇੜੇ ਤੇੜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੇ ਕਥਿਤ ਤੌਰ ਉੱਤੇ ਇੱਕ ਮਹਿਲਾ ਯਾਤਰੀ ਉੱਤੇ ਕੋਈ ਜਲਣਸ਼ੀਲ ਲੀਕੁਇਡ ਪਾ ਕੇ ਅੱਗ ਲਾ ਦਿੱਤੀ। ਇਹ ਮਹਿਲਾ ਆਪਣੇ 20ਵਿਆਂ ਵਿੱਚ ਸੀ। ਉਸ ਨੂੰ ਸੈਕਿੰਡ ਤੇ ਥਰਡ ਡਿਗਰੀ ਬਰਨਜ਼ ਨਾਲ ਹਸਪਤਾਲ ਲਿਜਾਇਆ ਗਿਆ।ਪੁਲਿਸ ਨੇ



ਦੱਸਿਆ ਕਿ ਮਹਿਲਾ ਦੀ ਮੌਤ ਹੋ ਗਈ ਹੈ। ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਲੈ ਲਈ ਗਈ ਹੈ।

ਇਸ ਹਾਦਸੇ ਦੇ ਸਬੰਧ ਵਿੱਚ ਟੋਰਾਂਟੋ ਦੇ ਰਹਿਣ ਵਾਲੇ ਤੈਨਜ਼ਿਨ ਨੌਰਬੂ ਨੂੰ ਕਤਲ ਦੀ ਕੋਸ਼ਿਸ਼ ਕਰਨ ਤੇ ਹਥਿਆਰ ਨਾਲ ਹਮਲਾ ਕਰਨ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ।ਉਸ ਸਮੇਂ ਪੁਲਿਸ ਨੇ ਆਖਿਆ ਸੀ ਕਿ ਉਹ ਇਸ ਨੂੰ ਨਫਰਤ ਤੋਂ ਪ੍ਰੇਰਿਤ ਜੁਰਮ ਮੰਨ ਕੇ ਚੱਲ ਰਹੇ ਹਨ। ਇਸ ਸਬੰਧ ਵਿੱਚ ਹੋਰ ਵੇਰਵੇ ਮੁਹੱਈਆ ਨਹੀਂ ਕਰਵਾਏ ਗਏ। ਇਹ ਚਾਰਜ ਅਜੇ ਅਦਾਲਤ ਵਿੱਚ ਸਿੱਧ ਨਹੀਂ ਹੋਏ ਹਨ।

# ਨਕਵੀ ਅਤੇ ਆਰ ਸੀ ਪੀ ਸਿੰਘ ਦਾ ਕੇਂਦਰ ਸਰਕਾਰ ਤੋਂ ਅਸਤੀਫ਼ਾ

ਨਵੀਂ ਦਿੱਲੀ, 6 ਜੁਲਾਈ, (ਪੋਸਟ ਬਿਊਰੋ)- ਘੱਟ-ਗਿਣਤੀ ਮਾਮਲਿਆਂ ਦੇ ਮੰਤਰੀ ਮੁਖਤਾਰ ਅੱਬਾਸ ਨਕਵੀ ਤੇ ਸਟੀਲ ਮੰਤਰੀ ਆਰਸੀਪੀ ਸਿੰਘ ਨੇ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਨ੍ਹਾਂ ਦੋਵਾਂ ਦੀ ਰਾਜ ਸਭਾ ਮੈਂਬਰੀ ਵੀਰਵਾਰ ਨੂੰ ਖ਼ਤਮ ਹੋਣੀ ਸੀ, ਪਰ ਇਕ ਦਿਨ ਪਹਿਲਾਂ ਉਨ੍ਹਾਂ ਨੇ ਅਹੁਦਾ ਛੱਡ ਦਿੱਤਾ।

ਉੱਤਰ ਪ੍ਰਦੇਸ਼ ਤੋਂ ਭਾਜਪਾ ਦੇ ਸਿਰਕੱਢ ਆਗੂ ਰਹਿ ਚੁੱਕੇ ਮੁਖਤਾਰ ਅੱਬਾਸ ਨਕਵੀ ਨੂੰ ਇਸ ਵਾਰ ਰਾਜ ਸਭਾ ਦੀ ਟਿਕਟ ਨਾ ਮਿਲਣ ਪਿੱਛੋਂ ਕਈ ਤਰ੍ਹਾਂ ਦੇ ਕਿਆਸ ਲੱਗ ਰਹੇ ਸਨ। ਉਨ੍ਹਾਂ ਨੂੰ ਉਪ ਰਾਸ਼ਟਰਪਤੀ ਤੇ ਗਵਰਨਰ ਬਣਾਏ ਜਾਣ ਦੀਆਂ ਅਟਕਲਾਂ ਵੀ ਚੱਲ ਰਹੀਆਂ ਹਨ। ਉਹ ਅਟਲ ਬਿਹਾਰੀ ਵਾਜਪਾਈ



ਸਰਕਾਰ ਵਿੱਚ ਮੰਤਰੀ ਸਨ ਤੇ ਨਰਿੰਦਰ ਮੋਦੀ ਸਰਕਾਰ ਦੇ ਪਹਿਲੇ ਅਤੇ ਦੂਸਰੇ ਕਾਰਜਕਾਲ ਵਿੱਚ ਵੀ ਉਨ੍ਹਾਂ ਨੂੰ ਮੰਤਰੀ ਬਣਾਇਆ ਗਿਆ ਸੀ।

ਕਿਸੇ ਵੇਲੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਦੇ ਵਿਸ਼ਵਾਸ ਪਾਤਰਾਂ ਵਿੱਚ ਸ਼ਾਮਲ ਰਹਿ ਚੁੱਕੇ ਆਰਸੀਪੀ ਸਿੰਘ ਨੂੰ ਵੀ ਇਸੇ ਲਈ ਸਰਕਾਰ ਤੋਂ ਅਸਤੀਫ਼ਾ ਦੇਣਾ ਪਿਆ ਹੈ ਕਿ ਉਨ੍ਹਾਂ ਦੀ ਰਾਜ ਸਭਾ ਮੈਂਬਰੀ ਵੀਰਵਾਰ ਨੂੰ ਖ਼ਤਮ ਹੋ ਰਹੀ ਸੀ। ਜਨਤਾ ਦਲ (ਯੂ) ਨੇ ਇਸ ਵਾਰ ਉਨ੍ਹਾਂ ਨੂੰ ਰਾਜ ਸਭਾ ਦੀ ਟਿਕਟ ਨਹੀਂ ਦਿੱਤੀ। ਪਿਛਲੇ ਸਾਲ ਸੱਤ ਜੁਲਾਈ ਨੂੰ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣ ਵਾਲੇ ਆਰਸੀਪੀ ਸਿੰਘ ਇੱਕ ਸਾਲ ਕੇਂਦਰੀ ਮੰਤਰੀ ਰਹੇ। ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਉਹ ਨਿਤਿਸ਼ ਸਰਕਾਰ ਵਿੱਚ ਬਿਹਾਰ ਦੇ ਚੀਫ ਸੈਕਟਰੀ ਸਨ, ਪਰ ਬੀਤੇ ਕੁਝ ਮਹੀਨਿਆਂ ਵਿੱਚ ਇਹ ਖ਼ਬਰਾਂ ਸਨ ਕਿ ਉਹ ਨਿਤਿਸ਼ ਦਾ ਵਿਸ਼ਵਾਸ ਗੁਆ ਚੁੱਕੇ ਹਨ।

# ਮੁੱਖ ਮੰਤਰੀ ਭਗਵੰਤ ਮਾਨ ਦਾ ਦੂਸਰਾ ਵਿਆਹ ਡਾਕਟਰ ਗੁਰਪ੍ਰੀਤ ਕੌਰ ਨਾਲ ਅੱਜ ਵੀਰਵਾਰ ਨੂੰ

ਚੰਡੀਗੜ੍ਹ, 7 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਵੀਰਵਾਰ ਚੰਡੀਗੜ੍ਹ ਵਿਖੇ ਦੂਜਾ ਵਿਆਹ ਕਰਨਗੇ। ਇਸ ਮੌਕੇ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਅਤੇ ਸੀਨੀਅਰ ਲੀਡਰਸ਼ਿਪ ਦੇ ਇਲਾਵਾ ਬਹੁਤ ਥੋੜ੍ਹੇ ਲੋਕ ਸ਼ਾਮਲ ਹੋਣਗੇ।

ਮਿਲੀ ਜਾਣਕਾਰੀ ਅਨੁਸਾਰ ਭਗਵੰਤ ਮਾਨ (48 ਸਾਲ) ਦਾ ਵਿਆਹ ਪੇਸ਼ੇ ਵਜੋਂ ਡਾਕਟਰ ਗੁਰਪ੍ਰੀਤ ਕੌਰ ਦੇ ਨਾਲ ਹੋਣਾ ਹੈ, ਜਿਹੜੀ ਪਿੱਛੋਂ ਹਰਿਆਣਾ ਦੇ ਪਿਹੋਵਾ ਦੇ ਪਰਵਾਰ ਵਿੱਚੋਂ ਹੈ। ਇਸ ਵਿਆਹ ਦਾ ਪ੍ਰੋਗਰਾਮ ਬਹੁਤ ਛੋਟਾ ਰੱਖਿਆ ਗਿਆ ਹੈ, ਜਿਸਵਿੱਚ ਪਰਿਵਾਰਕ ਮੈਂਬਰਾਂ ਤੋਂ ਇਲਾਵਾਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀਆ ਰਹੇ ਹਨ।ਪਤਾ ਲੱਗਾ ਹੈ ਕਿਭਗਵੰਤ ਮਾਨ ਦੀ ਭੈਣ ਅਤੇ ਮਾਂ ਦੋਵੇਂ ਚਾਹੁੰਦੀਆਂ ਸਨ ਕਿ ਭਗਵੰਤ ਦੁਬਾਰਾ ਵਿਆਹ ਕਰ ਲਵੇ ਅਤੇ ਏਸੇ ਲਈ ਉਨ੍ਹਾਂ ਦੋਵਾਂ ਨੇ ਡਾਕਟਰ ਗੁਰਪ੍ਰੀਤ ਕੌਰ ਦੀ ਚੋਣ ਕੀਤੀ ਹੈ।

ਵਰਨਣ ਯੋਗ ਹੈ ਕਿ ਭਗਵੰਤ ਮਾਨ ਦਾ ਆਪਣੀ ਪਹਿਲੀ ਪਤਨੀ ਇੰਦਰਪ੍ਰੀਤ ਕੌਰ ਨਾਲਛੇ ਸਾਲ ਪਹਿਲਾਂ ਤਲਾਕ ਹੋ ਗਿਆ ਸੀ ਤੇ ਓਦੋਂ ਤੋਂ ਇੰਦਰਪ੍ਰੀਤ ਕੌਰ ਆਪਣੇ ਦੋ ਬੱਚਿਆਂ ਨਾਲ ਅਮਰੀਕਾ ਵਿੱਚਹੈ। ਦੋਵੇਂ ਬੱਚੇ ਬੀਤੇ ਮਾਰਚ ਵਿੱਚ ਭਗਵੰਤ ਮਾਨ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਦੇ ਸਮਾਗਮ ਵਿੱਚ ਸ਼ਾਮਲ ਹੋਣ ਉਚੇਚੇ ਏਥੇ ਆਏ ਸਨ। ਕਾਮੇਡੀਅਨ ਤੋਂ ਸਿਆਸਤਦਾਨ ਬਣੇ ਭਗਵੰਤ ਮਾਨ 2014 ਵਿੱਚ ਪਹਿਲੀ ਵਾਰ ਸੰਗਰੂਰਤੋਂ ਪਾਰਲੀਮੈਂਟ ਦੇ ਮੈਂਬਰ ਬਣੇ ਸਨ ਤੇ ਉਸ ਚੋਣ ਵਿੱਚ ਉਨ੍ਹਾਂ ਦੀ ਪਤਨੀ ਇੰਦਰਪ੍ਰੀਤ ਕੌਰ ਉਨ੍ਹਾਂ ਨਾਲ ਪ੍ਰਚਾਰਕਰਦੀ ਰਹੀ ਸੀ, ਪਰ 2015 ਵਿੱਚ ਦੋਹਾਂ ਦਾ ਤਲਾਕ ਹੋ ਗਿਆ ਸੀ। ਭਗਵੰਤ ਮਾਨ 2019 ਵਿੱਚ ਸੰਗਰੂਰ ਤੋਂ ਫਿਰ ਚੋਣ ਜਿੱਤੇ, ਪਰ ਚਲੰਤ ਸਾਲ 2022 ਵਿੱਚ ਉਹ ਪੰਜਾਬ ਵਿੱਚਆਮ ਆਦਮੀ ਪਾਰਟੀ ਦੀ ਜਿੱਤ ਦੇ ਮੋਹਰੀ ਬਣੇ ਤੇ 16 ਮਾਰਚ 2022 ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ।

ਭਗਵੰਤ ਮਾਨ ਦੀ ਦੂਸਰੀ ਪਤਨੀ ਬਣਨ ਵਾਲੀ ਗੁਰਪ੍ਰੀਤ ਕੌਰ ਪੇਸ਼ੇ ਤੋਂ ਡਾਕਟਰ ਹੈ।ਉਹ ਹਰਿਆਣਾ ਦੇ ਜ਼ਿਲਾ ਕੁਰੁਕਸ਼ੇਤਰ ਦੇ ਪਿਹੋਵਾ ਦੇ ਪਰਵਾਰ ਦੀ ਧੀ ਹੈ। ਗੁਰਪ੍ਰੀਤ ਕੌਰ ਦੀਆਂ ਤਿੰਨ ਭੈਣਾਂ ਵਿੱਚੋਂ ਦੋ ਵੱਡੀਆਂ ਭੈਣਾਂ ਅਮਰੀਕਾ ਤੇ ਆਸਟਰੇਲੀਆ ਵਿੱਚ ਹਨ। ਸਾਲ 2013 ਵਿੱਚ ਗੁਰਪ੍ਰੀਤ ਕੌਰ ਨੇ ਅੰਬਾਲਾ ਦੇ ਮੌਲਾਨਾ ਮੈਡੀਕਲ ਕਾਲਜ ਵਿੱਚ ਦਾਖਲਾ ਲੈ ਕੇ 2017 ਵਿੱਚ ਡਾਕਟਰੀ ਦੀ ਪੜ੍ਹਾਈ ਪੂਰੀ ਕੀਤੀ ਸੀ। ਸਾਲ 2019 ਵਿੱਚ ਉਸ ਦੀ ਮੁਲਾਕਾਤ ਭਗਵੰਤ ਮਾਨ ਨਾਲ ਹੋਈ, ਜਦੋਂ ਉਹ ਸੰਗਰੂਰਤੋਂ ਲੋਕ ਸਭਾਮੈਂਬਰ ਸਨ। ਇਸ ਪਿੱਛੋਂ ਉਹ ਭਗਵੰਤ ਮਾਨ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦੀ ਰਹੀ ਸੀ ਤੇ ਉਨ੍ਹਾ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਦੇ ਸਹੁੰ ਚੁੱਕ ਸਮਾਗਮ ਵਿੱਚ ਵੀ ਮੌਜੂਦ ਸੀ। ਉਸ ਦੇ ਪਿਤਾ ਇੰਦਰਜੀਤ ਸਿੰਘ ਨੱਤ ਪਿਹੋਵਾ ਬਲਾਕ ਦੇ ਪਿੰਡ ਮਦਨਪੁਰ ਦੇ ਸਾਬਕਾ ਸਰਪੰਚ ਹਨ ਤੇ ਪਰਿਵਾਰ ਸਮੇਤ ਪੰਜਾਬ ਦੇ ਮੋਹਾਲੀ ਵਿੱਚ ਰਹਿੰਦੇ ਹਨ। ਡਾ: ਗੁਰਪ੍ਰੀਤ ਕੌਰ ਅੱਜ ਕੱਲ੍ਹ ਰਾਜਪੁਰਾ, ਪੰਜਾਬ ਵਿੱਚ ਰਹਿੰਦੀਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘਰਾਜਾ ਵੜਿੰਗ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਧਾਈ ਦੇਂਦਿਆਂ ਟਵੀਟ ਕੀਤਾ ਕਿ 'ਮੁੱਖ ਮੰਤਰੀ ਭਗਵੰਤ ਮਾਨ ਨੂੰ ਮੇਰੀਆਂ ਦਿਲੋਂ ਵਧਾਈਆਂ.ਉਹ ਕੱਲ੍ਹ ਜ਼ਿੰਦਗੀ ਦਾਇੱਕ ਨਵਾਂ ਚੈਪਟਰ ਸ਼ੁਰੂ ਕਰਨਗੇ। ਅੱਗੇ ਤੋਂ ਖ਼ੁਸ਼ਹਾਲ ਅਤੇ ਵਿਆਹੁਤਾ ਜੀਵਨ ਲਈ ਸ਼ੁੱਭ ਕਾਮਨਾਵਾਂ।'

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਅੱਜ ਜੀਟੀਏ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਦਰਜ ਕੀਤੀ ਜਾਵੇਗੀ ਗਿਰਾਵਟ

ਓਨਟਾਰੀਓ, 6 ਜੁਲਾਈ (ਪੋਸਟ ਬਿਊਰੋ) : ਜੀਟੀਏ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਵੀਰਵਾਰ ਨੂੰ ਮਾਮੂਲੀ ਗਿਰਾਵਟ ਦਰਜ ਕੀਤੀ ਜਾਵੇਗੀ।ਕਈ ਮਹੀਨਿਆਂ ਤੋਂ ਗੈਸ ਦੀਆਂ ਕੀਮਤਾਂ ਵਿੱਚ ਕੋਈ ਕਮੀ ਵੇਖਣ ਨੂੰ ਨਹੀਂ ਮਿਲੀ।



ਐਨ-ਪ੍ਰੋ ਨੇ ਦੱਸਿਆ ਕਿ ਵੀਰਵਾਰ ਨੂੰ ਜੀਟੀਏ ਦੇ ਬਹੁਤੇ ਸਟੇਸ਼ਨਜ਼ ਉੱਤੇ ਰਾਤੀਂ 12:01 ਤੋਂ ਗੈਸ ਦੀਆਂ ਕੀਮਤਾਂ 12 ਸੈਂਟ ਘਟਣ ਦੀ ਸੰਭਾਵਨਾ ਹੈ। ਇਸ ਗਿਰਾਵਟ ਤੋਂ ਬਾਅਦ ਗੈਸ ਦੀ ਕੀਮਤ ਬਹੁਤੇ ਸਟੇਸ਼ਨਜ਼ ਉੱਤੇ 179.9 ਸੈਂਟ ਪ੍ਰਤੀ ਲੀਟਰ ਹੋ ਜਾਵੇਗੀ।ਇਸ ਰੀਜਨ ਵਿੱਚ ਅਪਰੈਲ ਦੇ ਮੱਧ ਤੋਂ ਲੈ ਕੇ ਹੁਣ ਤੱਕ ਗੈਸ ਦੀਆਂ ਕੀਮਤਾਂ ਨੂੰ ਕੋਈ ਸਾਹ ਨਹੀਂ ਆਇਆ ਹੈ। ਐਨ-ਪ੍ਰੋ ਦੇ ਚੀਫ ਪੈਟਰੋਲੀਅਮ ਵਿਸ਼ਲੇਸ਼ਕ ਰੌਜਰ ਮੈਕਨਾਈਟ ਨੇ ਆਖਿਆ ਕਿ ਗੈਸ ਦੀਆਂ ਕੀਮਤਾਂ ਵਿੱਚ ਆਉਣ ਵਾਲੀ ਇਸ ਗਿਰਾਵਟ ਨਾਲ ਇਨ੍ਹਾਂ ਕਿਆਫਿਆਂ ਨੂੰ ਹਵਾ ਮਿਲੀ ਹੈ ਕਿ ਆਰਥਿਕ ਮੰਦਵਾੜਾ ਆਉਣ ਵਾਲਾ ਹੈ।

ਮੈਕਨਾਈਟ ਨੇ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਜੈੱਟ ਫਿਊਲ, ਗੈਸੋਲੀਨ ਤੇ ਡੀਜ਼ਲ ਦੀ ਘੱਟ ਰਹੀ ਮੰਗ ਕਾਰਨ ਆਉਣ ਵਾਲੇ ਹਫਤਿਆਂ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਕਮੀ ਆਉਣ ਦਾ ਇਹ ਸਿਲਸਿਲਾ ਜਾਰੀ ਰਹਿ ਸਕਦਾ ਹੈ। ਅਜੇ ਬੁੱਧਵਾਰ ਨੂੰ ਹੀ ਫਿਊਲ ਦੀਆਂ ਕੀਮਤਾਂ ਵਿੱਚ ਪੰਜ ਸੈਂਟ ਨਾਲ ਵਾਧਾ ਹੋਇਆ ਸੀ ਤੇ ਮੈਕਨਾਈਟ ਨੇ ਆਖਿਆ ਕਿ ਕੈਨੇਡਾ ਵਿੱਚ ਭਾਵੇਂ ਕੈਨੇਡਾ ਡੇਅ ਦੀਆਂ ਛੁੱਟੀਆਂ ਕਾਰਨ ਹੋਲਸੇਲ ਕੀਮਤਾਂ ਵਿੱਚ ਕੋਈ ਤਬਦੀਲੀ ਨਹੀਂ ਆਈ ਪਰ ਅਮਰੀਕਾ ਵਿੱਚ ਇਹ ਤਬਦੀਲੀ ਦਰਜ ਕੀਤੀ ਗਈ। ਇਸ ਹਫਤੇ ਕੈਨੇਡਾ ਵਿੱਚ ਵੀ ਇਨ੍ਹਾਂ ਕੀਮਤਾਂ ਵਿੱਚ ਕਮੀ ਆਉਣ ਦਾ ਸਿਲਸਿਲਾ ਅਗਾਂਹ ਵੀ ਜਾਰੀ ਰਹਿ ਸਕਦਾ ਹੈ।

ਪਹਿਲੀ ਜੁਲਾਈ ਤੋਂ ਫੋਰਡ ਸਰਕਾਰ ਵੱਲੋਂ ਗੈਸ ਟੈਕਸ ਵਿੱਚ 5.7 ਸੈਂਟਸ ਪ੍ਰਤੀ ਲੀਟਰ ਕਟੌਤੀ ਕੀਤੀ ਗਈ ਤੇ ਉਸੇ ਦਿਨ ਕੀਮਤਾਂ ਵਿੱਚ 11 ਸੈਂਟ ਦੀ ਕਮੀ ਦਰਜ ਕੀਤੀ ਗਈ।ਮਾਹਿਰਾਂ ਦਾ ਮੰਨਣਾ ਹੈ ਕਿ ਗੈਸ ਟੈਕਸ ਵਿੱਚ ਕੀਤੀ ਗਈ ਕਟੌਤੀ ਨਾਲ ਗਾਹਕਾਂ ਨੂੰ ਰਾਹਤ ਮਿਲਣੀ ਜਾਰੀ ਰਹੇਗੀ ਪਰ ਬਾਹਰੀ ਕਾਰਨਾਂ ਕਰਕੇ ਇਨ੍ਹਾਂ ਕੀਮਤਾਂ ਉੱਤੇ ਅਸਰ ਪੈ ਸਕਦਾ ਹੈ। ਫੋਰਡ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ ਜੇ ਮਹਿੰਗਾਈ ਵੱਧ ਰਹਿੰਦੀ ਹੈ ਤਾਂ ਉਹ ਗੈਸ ਟੈਕਸ ਵਿੱਚ ਇਸ ਕਟੌਤੀ ਨੂੰ ਜਾਰੀ ਵੀ ਰੱਖ ਸਕਦੇ ਹਨ।

# ਡੀ ਐੱਸ ਪੀ ਫਰੀਦਕੋਟ 10 ਲੱਖ ਰੁਪਏ ਰਿਸ਼ਵਤ ਫੜਦਾ ਰੰਗੇ ਹੱਥੀਂ ਗ੍ਰਿਫਤਾਰ

*** ਨਸ਼ੀਲੇ ਪਦਾਰਥਾਂ ਦੇ ਤਸਕਰ ਤੋਂ ਰਿਸ਼ਵਤ ਲੈਂਦਾ ਫਸ ਗਿਆ * ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦਾ ਸਾਬਕਾ ਚੇਅਰਮੈਨ ਬੱਸੀਵੀ ਗ੍ਰਿਫ਼ਤਾਰ**

ਚੰਡੀਗੜ੍ਹ/ ਤਰਨ ਤਾਰਨ, 6 ਜੁਲਾਈ, (ਪੋਸਟ ਬਿਊਰੋ)- ਪੰਜਾਬ ਵਿੱਚ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੌਰਾਨ ਪੁਲਿਸ ਨੇ ਅੱਜ ਬੁੱਧਵਾਰ ਡਿਪਟੀ ਸੁਪਰਡੈਂਟ ਪੁਲਿਸ (ਡੀ ਐੱਸ ਪੀ) ਫਰੀਦਕੋਟ ਲਖਵੀਰ ਸਿੰਘ ਨੂੰ ਡਰੱਗ ਸਪਲਾਇਰ ਕੋਲੋਂ 10 ਲੱਖ ਰੁਪਏ ਰਿਸ਼ਵਤ ਲੈਂਦੇ ਗ੍ਰਿਫਤਾਰ ਕੀਤਾ ਹੈ।ਇਸ ਬਾਰੇਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਗੌਰਵ ਯਾਦਵ ਨੇ ਦੱਸਿਆ ਕਿ ਤਰਨ ਤਾਰਨਵਿੱਚ ਐੱਨਡੀਪੀਐਸ ਐਕਟ ਹੇਠ ਇੱਕ ਕੇਸ ਦਰਜ ਕੀਤਾ ਗਿਆ ਹੈ, ਜਿਸ ਵਿੱਚ ਇਸ ਡੀ ਐੱਸ ਪੀ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫਤਾਰੀ ਕੀਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਤਰਨ ਤਾਰਨਜ਼ਿਲਾ ਪੁਲਿਸ ਨੇ ਐਤਵਾਰ ਨੂੰ ਪੱਟੀ ਮੋੜ ਨੇੜੇ ਇੱਕ ਪੈਟਰੋਲ ਪੰਪ ਤੋਂ ਪਿਸ਼ੌਰਾ ਸਿੰਘ ਨਾਂਅ ਦੇ ਨਸ਼ਾ ਸਪਲਾ-ਇਰ ਨੂੰ 250 ਗ੍ਰਾਮ ਅਫੀਮ ਅਤੇ 1 ਲੱਖ ਰੁਪਏ ਡਰੱਗ ਮਨੀ ਨਾਲ ਗ੍ਰਿਫਤਾਰ ਕੀਤਾ ਸੀ।ਇਸੇ ਜ਼ਿਲੇ ਦੇ ਪਿੰਡ ਬੋਪਾਰ-ਾਏ ਮਾਡਲ ਦਾ ਪਿਸ਼ੌਰਾ ਸਿੰਘ 30 ਜੂਨ ਨੂੰ ਦਰਜ ਹੋਏ ਕੇਸ ਵਿੱਚ ਲੋੜੀਂਦਾ ਸੀ, ਜਿਸ ਵਿੱਚਤਰਨ ਤਾਰਨ ਦੇ ਪਿੰਡ ਮਾੜੀ ਮੇਘਾ ਦਾ ਸੁਰਜੀਤ ਸਿੰਘ 900 ਗ੍ਰਾਮ ਅਫੀਮ ਦੇ ਨਾਲ ਫੜਿਆ ਗਿਆ ਸੀ। ਪੰਜਾਬ ਪੁਲਸ ਦੇ ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਤਰਨ ਤਾਰਨ ਪੁਲਿਸ ਦੀ ਪੜਤਾਲ ਦੌਰਾਨ ਸੁਰਜੀਤ ਸਿੰਘ ਨੇ ਭੇਦ ਖੋਲ੍ਹਿਆ ਕਿ ਅਫੀਮ ਉਸ ਨੇ ਪਿਸ਼ੌਰਾ ਸਿੰਘ ਤੋਂ ਖਰੀਦੀ ਸੀ, ਜੋ ਨਸ਼ੇ ਦਾ ਮੁੱਖ ਸਪਲਾਇਰ ਹੈ। ਜਦੋਂ ਪੁਲਿਸ ਨੇ ਉਸਨੂੰ ਗ੍ਰਿਫਤਾਰ ਕਰਨ ਲਈ ਛਾਪੇ ਮਾਰਨੇ ਸ਼ੁਰੂ ਕੀਤੀ ਤਾਂ ਪਿਸ਼ੌਰਾ ਸਿੰਘ ਨੇ ਸੀਆਈਏ ਪੱਟੀ ਇੰਚਾਰਜ ਨੂੰ ਇਸ ਕੇਸ ਵਿੱਚ ਗ੍ਰਿਫਤਾਰ ਨਾ ਕਰਨ ਤੇ ਨਾਮਜ਼ਦ ਨਾ ਕਰਨ ਬਦਲੇ ਏਐਸਆਈ ਰਸ਼ਪਾਲ ਸਿੰਘ (ਮੁਨਸ਼ੀ ਸੀਆਈਏ ਪੱਟੀ) ਰਾਹੀਂ 7-8 ਲੱਖ ਰੁਪਏ ਦੀ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ, ਪਰ ਇੰਚਾਰਜ ਨੇ ਲੈਣ ਤੋਂ ਨਾਂਹ ਕਰ ਦਿੱਤੀ ਅਤੇਪੁਲਿਸ ਟੀਮਾਂ ਨੇ ਪਿਸ਼ੌਰਾ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਯਤਨ ਜਾਰੀ ਰੱਖੇ।ਫਿਰ ਪਿਸ਼ੌਰਾ ਸਿੰਘ ਨੇ ਤਰਨ ਤਾਰਨ ਦੇ ਪਿੰਡ ਸੀਤੋ ਦੇ ਇੱਕ ਜਾਣਕਾਰ ਨਿਸ਼ਾਨ ਸਿੰਘ ਰਾਹੀਂ ਰਸ਼ਪਾਲ ਸਿੰਘ ਦੇ ਭਰਾ ਹੀਰਾ ਸਿੰਘ ਨੂੰ ਪਹੁੰਚ ਕੀਤੀ ਤੇ ਇਨ੍ਹਾਂ ਦੋਵਾਂ ਨੇ ਡੀ ਐੱਸ ਪੀ ਲਖਵੀਰ ਸਿੰਘ, ਜਿਹੜਾ ਹੀਰਾ ਸਿੰਘ ਦਾ ਚਚੇਰਾ ਭਰਾ ਸੀ, ਤੱਕ ਪਹੁੰਚ ਕੀਤੀ ਅਤੇਡੀ ਐੱਸ ਪੀ ਨੇ 10 ਲੱਖ ਰੁਪਏ ਵਿੱਚ ਸਮਝੌਤਾ ਕਰ ਲਿਆ।ਡੀ ਜੀ ਪੀ ਨੇ ਦੱਸਿਆ ਕਿ ਦੋਸ਼ੀ ਡੀ ਐੱਸ ਪੀ ਨੇ ਹੀਰਾ ਸਿੰਘ ਨੂੰ ਰਕਮ ਆਪਣੇ ਕੋਲ ਰੱਖਣ ਨੂੰ ਕਿਹਾ। ਪਿਸ਼ੌਰਾ ਸਿੰਘ ਦੇ ਖੁਲਾਸੇ ਉੱਤੇ ਹੀਰਾ ਸਿੰਘ ਦੇ ਘਰੋਂ 9.97 ਲੱਖ ਰੁਪਏ ਵੀ ਮਿਲ ਗਏ ਹਨ।



ਡੀ. ਜੀ. ਪੀ. ਗੌਰਵ ਯਾਦਵ

ਇਸ ਦੌਰਾਨ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਦਿਨੇਸ਼ ਬੱਸੀ ਨੂੰ ਵਿਜੀਲੈਂਸ ਨੇ ਧੋਖਾਧੜੀ ਦੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਹੈ। ਰਣਜੀਤ ਐਵੀਨਿਊ ਪਲਾਟ ਨੰਬਰ 204-ਡੀ ਬਾਰੇਝੂਠੀ ਅਲਾਟਮੈਂਟ ਦੀ ਸ਼ਿਕਾਇਤਵਿੱਚਬੱਸੀ ਤੋਂ ਇਲਾਵਾ ਉਨ੍ਹਾਂ ਦੇ ਕਰੀਬੀ ਰਾਘਵ ਸ਼ਰਮਾ ਅਤੇ ਵਕੀਲ ਵਿਕਾਸ ਖੰਨਾ ਨੂੰ ਸ਼ਾਮਿਲ ਕੀਤਾ ਗਿਆ ਹੈ। ਐੱਸਐੱਸਪੀ ਵਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸੋਹਣ ਸਿੰਘ ਪੁੱਤਰ ਜੱਸਾ ਸਿੰਘ ਨੇ ਆਪਣੇ ਵਕੀਲ ਕੁਲਵੰਤ ਰਾਏ ਰਾਹੀਂ ਦਾਅਵਾ ਕੀਤਾ ਸੀ ਕਿ ਉਸ ਨੂੰ ਸਾਲ 1988 ਵਿੱਚ ਪਲਾਟ ਨੰਬਰ 204-ਡੀ ਰਣਜੀਤ ਐਵੀਨਿਊ ਵਿੱਚ ਅਲਾਟ ਹੋਇਆਅਤੇ ਬਿਆਨਾ ਰਾਸ਼ੀ 7 ਜਨਵਰੀ 1988 ਨੂੰ 4000 ਰੁਪਏ ਜਮ੍ਹਾ ਕਰਵਾਏ ਸਨ, ਪਰ ਇਸ ਦੀ ਅਲਾਟਮੈਂਟ ਜਾਰੀ ਨਹੀਂ ਹੋਈ। ਨਗਰ ਸੁਧਾਰ ਟਰੱਸਟ ਨੇ 11 ਮਈ 2011 ਨੂੰ ਸਿਵਲ ਕੇਸ ਦਾਇਰ ਕੀਤਾ ਸੀ ਤੇ ਸੋਹਨ ਸਿੰਘ ਨੇ ਇਹ ਕੇਸ 23 ਸਾਲਾਂ ਦੇ ਵਕਫੇ ਪਿੱਛੋਂ ਐਡੀਸ਼ਨਲ ਸਿਵਲ ਜੱਜ ਦੀ ਅਦਾਲਤ ਵਿੱਚਪੇਸ਼ ਕੀਤਾ ਸੀ, ਜਿਸ ਨੂੰ ਅਦਾਲਤ ਨੇ 30 ਜੁਲਾਈ 2012 ਨੂੰ ਰੱਦ ਕਰ ਦਿੱਤਾ ਸੀ। ਪਹਿਲੀ ਅਪੀਲ 19 ਮਾਰਚ 2013 ਨੂੰ ਰੱਦ ਕਰ ਦਿੱਤੀ ਗਈ ਤੇ ਦੂਸਰੀ ਅਪੀਲ ਪੰਜਾਬ ਹਰਿਆਣਾ ਹਾਈ ਕੋਰਟ ਨੇ 13 ਮਾਰਚ 2020 ਨੂੰ ਰੱਦ ਕਰ ਦਿੱਤੀ ਸੀ। ਦਿਨੇਸ਼ ਬੱਸੀ, ਉਸ ਦੇ ਨੇੜੂ ਰਾਘਵ ਸ਼ਰਮਾ ਤੇ ਵਿਕਾਸ ਖੰਨਾ ਨੇ ਮਿਲੀਭੁਗਤ ਨਾਲ ਇਹ ਪਲਾਟ ਸੁਰਜੀਤ ਕੌਰ ਪੁੱਤਰੀ ਸੋਹਣ ਸਿੰਘ ਨੂੰ ਅਲਾਟ ਕਰ ਕੇ ਧੋਖੇ ਨਾਲ 25 ਜੂਨ 2021 ਨੂੰ ਆਪਣੇ ਵਕੀਲ ਵਿਕਾਸ ਖੰਨਾ ਰਾਹੀਂ 1410 ਰੁਪਏ ਗਜ਼ ਦੇ ਹਿਸਾਬ ਉਸ ਨੂੰ ਦੇ ਦਿੱਤਾ, ਜਦਕਿ ਉਸ ਦੀ ਕੀਮਤ ਮਾਰਕੀਟ 70,000 ਰੁਪਏ ਗਜ਼ ਸੀ।ਸ਼ਿਕਾਇਤਮੁਤਾਬਕ ਉਸ ਨੇ ਇਹ ਸਭ ਨਿੱਜੀ ਹਿੱਤਾਂ ਲਈ ਕੀਤਾ ਸੀ।

# ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਕਈ ਫ਼ੈਸਲਿਆਂ ਉੱਤੇ ਮੋਹਰ ਲੱਗੀ

*** ਵਿਰੋਧੀ ਧਿਰ ਦੇ ਆਗੂ ਭਾਈ ਰੰਧਾਵਾ ਨੇ ਤਿੱਖੇ ਸਵਾਲ ਚੁੱਕੇ**

ਅੰਮ੍ਰਿਤਸਰ, 6 ਜੁਲਾਈ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਦੇ ਪਾਣੀ ਦੀ ਰਾਖੀ ਲਈ ਐੱਸਵਾਈਐੱਲ ਨਹਿਰ ਦਾ ਵਿਰੋਧ ਕਰਦਿਆਂ ਮਾਰੇ ਗਏ ਬਲਵਿੰ-ਦਰ ਸਿੰਘ ਜਟਾਣਾ ਦੀ ਫੋਟੋ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਉਣ ਦਾ ਫ਼ੈਸਲਾ ਕੀਤਾ ਹੈ। ਇਸ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਪ੍ਰਿੰ: ਸੁਰਿੰਦਰ ਸਿੰਘ ਅਤੇ ਹੋਰਨਾਂ ਦੀਆਂ ਤਸਵੀਰਾਂ ਵੀ ਸਿੱਖ ਅਜਾਇਬ ਘਰ ਵਿੱਚਲਾਈਆਂ ਜਾਣਗੀਆਂ।

ਅੱਜ ਏਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗਵਿੱਚ ਇਸ ਤੋਂ ਇਲਾਵਾ ਕਈ ਅਹਿਮ ਫ਼ੈਸਲੇ ਵੀ ਹੋਏ।ਮੀਟਿੰਗ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਨੇ ਗੁਰਬਾਣੀ ਆਧਾਰਤ ਐਪਸ ਵਿੱਚ ਗੁਰਬਾਣੀ ਦੀਆਂ ਤਰੁੱਟੀਆਂ ਬਾਰੇ ਸ਼੍ਰੋਮਣੀ ਕਮੇਟੀ ਨੂੰ ਜਾਂਚ ਲਈ ਆਦੇਸ਼ ਦਿੱਤੇ ਸਨ, ਜਿਸ ਬਾਰੇ ਬਣਾਈ ਸਬ-ਕਮੇਟੀ ਦੀ ਰਿਪੋਰਟ ਵਿੱਚ ਇਸ ਦੀ ਪੁਸ਼ਟੀ ਹੋਈ ਹੈ। ਅਜਿਹੀਆਂ ਐਪਸ ਨੂੰ ਬੰਦ ਕਰਵਾਉਣ ਲਈ ਕਾਰਵਾਈ ਕੀਤੀ ਜਾਵੇਗੀ ਅਤੇ ਸਿੰਘ ਸਾਹਿਬਾਨ ਦੀ ਨਿਗਰਾਨੀ ਹੇਠ ਨਿਤਨੇਮ, ਸੁੰਦਰ ਗੁਟਕਾ ਤੇ ਹੋਰ ਪਾਵਨ ਗੁਰਬਾਣੀ ਦਾ ਮਿਲਾਣ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਖੁਦ ਐਪ ਤਿਆਰ ਕੀਤੀ ਜਾਵੇਗੀ।



ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਵਿਰੋਧੀ ਧਿਰ ਦੇ ਆਗੂ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਬੀਬੀ ਕਮਲਦੀਪ ਕੌਰ ਰਾਜੋਆਣਾ ਦੀ ਜਿਹੜੀ 10 ਲੱਖ ਰੁਪਏ ਦੀ ਮਦਦ ਕੀਤੀ ਹੈ, ਉਸ ਦੀ ਥਾਂ ਬੰਦੀ ਸਿੰਘ ਦੇ ਪਰਿਵਾਰਾਂ ਦੀ ਮਦਦ ਕਰਨੀ ਚਾਹੀਦੀ ਸੀ ਤੇ ਕਿਸੇ ਹੋਰ ਬੰਦੀ ਸਿੰਘ ਦੀ ਭੈਣ ਜਾਂ ਪਰਿਵਾਰ ਦੇ ਮੈਂਬਰ ਦੀ ਸਹਾਇਤਾ ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਨੇ ਕੀਤੀ ਹੋਵੇ ਤਾਂ ਦੱਸਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਿੱਖ ਪੰਥ ਵਿੱਚ ਚਰਚਾ ਹੈ ਕਿ ਗੁਰੂ ਦੀ ਗੋਲਕ ਦਾ ਮੂੰਹ ਵੱਡੇ ਪੱਧਰ ਉੱਤੇ ਇੱਕੋ ਪੱਖ ਵੱਲ ਖੁੱਲ੍ਹਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਬਲਵਿੰਦਰ ਸਿੰਘ ਜਟਾਣਾ ਦੀ ਫੋਟੋ ਅਜਾਇਬ ਘਰ ਵਿੱਚ ਲਾਉਣ ਦਾ ਫ਼ੈਸਲਾ ਕੀਤਾ ਹੈ। ਇੱਕ ਪਾਸੇ ਜਟਾਣਾ ਨੂੰ ਸ਼ਹੀਦ ਮੰਨ ਕੇ ਸ਼੍ਰੋਮਣੀ ਕਮੇਟੀ ਵੱਲੋਂਫੋਟੋ ਲਾਈ ਜਾਵੇਗੀ, ਦੂਸਰੇ ਪਾਸੇ ਓਸੇ ਜਟਾਣਾ ਦੇ ਪਰਿਵਾਰ ਨੂੰ ਸ਼ਹੀਦ ਕਰਨ ਵਾਲੇ ਪੁਲਿਸ ਅਫਸਰ ਸੁਮੇਧ ਸੈਣੀ ਨੂੰ ਬਾਦਲ ਦੀ ਅਕਾਲੀਸਰਕਾਰਨੇ ਪੰਜਾਬ ਪੁਲਸ ਦਾ ਡੀ ਜੀ ਪੀ ਲਾਇਆ ਸੀ, ਇਸ ਨੂੰ ਸਿੱਖ ਪੰਥ ਕਿਸ ਤਰ੍ਹਾਂ ਦੇਖੇ।ਉਨ੍ਹਾ ਕਿਹਾ ਕਿ ਬੰਦੀ ਸਿੰਘਾਂ ਦੇ ਨਾਮ ਉੱਤੇਸੰਗਰੂਰ ਚੋਣ ਲੜ ਕੇ ਨੁਕਸਾਨ ਕੀਤਾ ਹੈ, ਸਿੰਘਾਂ ਦੀ ਰਿਹਾਈ ਹਰ ਸਿੱਖ ਚਾਹੁੰਦਾ ਹੈ, ਪਰ ਵੋਟਾਂ ਦੇ ਮੁੱਦੇ ਵੱਖਰੇ ਹਨ। ਬੰਦੀ ਸਿੰਘਾਂ ਦੇ ਨਾਮ ਉੱਤੇ ਪਈਆਂ ਵੋਟਾਂ ਦੀ ਗਿਣਤੀ ਸਰਕਾਰਾਂ ਨੂੰ ਕੀ ਸੰਦੇਸ਼ ਦੇਣਗੀਆਂ?ਇਸ ਮਾਮਲੇ ਨੂੰ ਵਰਤਣ ਨਾਲ ਬੰਦੀ ਸਿੰਘਾਂ ਦੇ ਸਨਮਾਨ ਨੂੰ ਠੇਸ ਲਾਈ ਗਈ ਹੈ।

# ਯੂਰਪੀ ਯੂਨੀਅਨ ਦੇ ਮੁਖੀ ਵੱਲੋਂ ਰੂਸ ਤੋਂ ਗੈਸ ਦੀ ਸਪਲਾਈ ਪੂਰੀ ਬੰਦ ਹੋਣ ਬਾਰੇ ਚਿਤਾਵਨੀ

ਬਰੱਸਲਜ਼, 6 ਜੁਲਾਈ, (ਪੋਸਟ ਬਿਊਰੋ)- ਰੂਸਅਤੇ ਯੂਕਰੇਨ ਵਿੱਚ ਜਾਰੀ ਜੰਗ ਦੇ ਦੌਰਾਨ ਯੂਰਪੀ ਕਮਿਸ਼ਨ ਦੀ ਮੁਖੀ ਉਰਸੁਲਾ ਵੋਨ ਡੇਰ ਲੇਯੇਨ ਨੇ ਬੁੱਧਵਾਰ ਨੂੰ ਕਿਹਾ ਕਿ ਯੂਰਪੀ ਯੂਨੀਅਨ (ਈ ਯੂ) ਨੂੰ ਰੂਸ ਤੋਂ ਮਿਲਦੀ ਗੈਸ ਦੀ ਸਪਲਾਈ ਪੂਰੀ ਤਰ੍ਹਾਂ ਬੰਦ ਹੋਣ ਲਈ ਤਿਆਰ ਰਹਿਣਾ ਚਾਹੀਦਾ ਹੈ।



ਵਰਨਣ ਯੋਗ ਹੈ ਕਿ ਈ ਯੂ ਨੇ ਪਹਿਲਾਂ ਤੋਂ ਰੂਸ ਉੱਤੇ ਊਰਜਾ ਸਪਲਾਈ ਸਮੇਤ ਕਈ ਪਾਬੰਦੀਆਂ ਲਾਈਆਂ ਹਨ ਅਤੇ ਉਹ ਰੂਸ ਦੇ ਕੰਟਰੋਲ ਵਾਲੀਆਂ ਵਸਤਾਂ ਦੀ ਸਪਲਾਈ ਤੋਂ ਖ਼ੁਦ ਨੂੰ ਦੂਰ ਕਰ ਰਿਹਾ ਹੈ। ਵੋਨ ਡੇਰ ਨੇ ਕਿਹਾ ਕਿ ਇਸ ਸੰਗਠਨ ਦੇ ਸਾਰੇ 27 ਮੈਂਬਰ ਦੇਸ਼ਾਂ ਨੂੰ ਰੂਸ ਤੋਂ ਝਟਕੇ ਲਈ ਤਿਆਰ ਰਹਿਣਾ ਚਾਹੀਦਾ ਹੈ।ਉਨ੍ਹਾਂ ਫਰਾਂਸ ਦੇ ਸਟ੍ਰਾਸਬਰਗ ਵਿੱਚਈ ਯੂਪਾਰਲੀਮੈਂਟ ਵਿੱਚ ਕਿਹਾ, 'ਸਾਨੂੰ ਗੈਸ ਦੀ ਸਪਲਾਈ ਕਰਨ ਦੀ ਤਿਆਰੀ ਅੱਜ ਤੋਂ ਕਰਨੀ ਚਾਹੀਦੀ ਹੈ।ਰੂਸ ਤੋਂ ਮਿਲਦੀ ਗੈਸ ਸਪਲਾਈ ਪੂਰੀ ਬੰਦ ਹੋ ਸਕਦੀ ਹੈ।' ਉਨ੍ਹਾਂ ਕਿਹਾ ਕਿ ਯੂਕਰੇਨ ਜੰਗ ਬਾਰੇ ਰੂਸ ਨਾਲ ਸਿਆਸੀ ਰੰਜਿਸ਼ ਕਾਰਨ ਦਰਜਨ ਭਰ ਮੈਂਬਰ ਦੇਸ਼ਾਂ ਵਿੱਚਰੂਸੀ ਤੇਲ ਜਾਂ ਗੈਸ ਦੀ ਸਪਲਾਈ ਵਿੱਚ ਪਹਿਲਾਂ ਤੋਂ ਰੁਕਾਵਟ ਪੈ ਰਹੀ ਹੈ।













# ਬ੍ਰਿਟੇਨ ਵਿੱਚ ਕਈ ਸਹਾਇਕਾਂ ਦੇ ਅਸਤੀਫਿਆਂ ਪਿੱਛੋਂ ਬੋਰਿਸ ਜਾਨਸਨ ਦੀਆਂ ਮੁਸ਼ਕਲਾਂ ਵਧੀਆਂ

ਲੰਡਨ, 6 ਜੁਲਾਈ, (ਪੋਸਟ ਬਿਊਰੋ)- ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਆਪਣੇ ਵਿੱਤ ਮੰਤਰੀ ਰਿਸ਼ੀ ਸੁਨਕਤੇ ਸਿਹਤ ਮੰਤਰੀ ਸਾਜਿਦ ਜਾਵੇਦ ਦੇ ਅਸਤੀਫਿਆਂ ਕਾਰਨ ਪਹਿਲਾਂ ਹੀ ਸੰਕਟ ਵਿੱਚ ਸਨ ਅਤੇ ਫਿਰਹੋਰ ਮੰਤਰੀਆਂ ਸਮੇਤ ਕਈ ਹੋਰ ਸਹਾਇਕਾਂ ਦੇ ਅਸਤੀਫਿਆਂ ਨਾਲ ਮੁਸ਼ਕਲਾਂਵਿੱਚ ਘਿਰਦੇ ਨਜ਼ਰ ਆ ਰਹੇ ਹਨ।

ਇਸ ਵਾਰ ਬੋਰਿਸ ਜਾਨਸਨ ਦੇ ਕਈ ਸਹਿਯੋਗੀਆਂ ਨੇ ਉਸਦੀ ਲੀਡਰਸ਼ਿਪ ਨੂੰ ਚੁਣੌਤੀ ਦਿੱਤੀ ਹੈ। ਵਿਲ ਕੁਈਨਸ ਨੇ ਸਿੱਖਿਆ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਸ ਪਿੱਛੋਂ ਰੌਬਿਨ ਵਾਕਰ ਨੇ ਸਰਕਾਰ ਦੀ ਆਲੋਚਨਾ ਕਰਦੇ ਹੋਏ ਸਕੂਲ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਲਾਰਾ ਟ੍ਰੌਟ ਨੇ ਟਰਾਂਸਪੋਰਟ ਵਿਭਾਗ ਵਿੱਚ ਮੰਤਰੀ ਦੇ ਸਹਾਇਕ ਦਾ ਅਹੁਦਾ ਛੱਡ ਦਿੱਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਇਹ ਵੀ ਕਿਹਾ ਕਿ ਮੌਜੂਦਾ ਸਰਕਾਰ ਵਿਸ਼ਵਾਸ ਗੁਆ ਚੁੱਕੀ ਹੈ। ਇਨ੍ਹਾਂ ਅਸਤੀਫਿਆਂ ਦੇ ਬਾਵਜੂਦ ਬੋਇਸ ਜਾਨਸਨ (58) ਪਿੱਛੇ ਹਟਦੇ ਨਹੀਂ ਜਾਪਦੇ। ਉਨ੍ਹਾਂ ਨੇ ਖਾਲੀ ਪੋਸਟਾਂ ਭਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।ਮੌਜੂਦਾ ਨਿਯਮਾਂ ਹੇਠ ਜਾਨਸਨ ਅਗਲੀਆਂ ਗਰਮੀਆਂ ਤੱਕ ਪ੍ਰਧਾਨ ਮੰਤਰੀ ਵਜੋਂ ਆਪਣੀ ਅਗਵਾਈ ਬਾਰੇ ਸੁਰੱਖਿਅਤ ਮਹਿਸੂਸ ਕਰ ਸਕਦੇ ਹਨ, ਪਰ ਬ੍ਰਿਟਿਸ਼ ਮੀਡੀਆ ਦਾ ਕਹਿਣਾ ਹੈ ਕਿ '1922 ਕਮੇਟੀ' ਦੀ ਕਾਰਜਕਾਰਨੀ ਕਿਸੇ ਵੀ ਸਮੇਂ ਨਿਯਮ ਬਦਲ ਸਕਦੀ ਹੈ। ਅਗਲੇ ਦਿਨਾਂ ਵਿੱਚ ਜਾਨਸਨ ਨੂੰ ਪਾਰਲੀਮੈਂਟ



ਵਿਚਲੀ ਵਿਰੋਧੀ ਧਿਰ ਦੇ ਪਾਰਲੀਮੈਂਟ ਮੈਂਬਰਾਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਦੂਸਰੇ ਪਾਸੇ ਬੋਰਿਸ ਜਾਨਸਨ ਨੇ ਮੰਤਰੀ ਡਿਮ ਜਹਾਨਵੀ ਨੂੰ ਨਵਾਂ ਵਿੱਤ ਮੰਤਰੀ ਨਿਯੁਕਤ ਕਰ ਕੇ ਐਲਾਨ ਕੀਤਾ ਕਿ ਸਟੀਵ ਬਾਰਕਲੇ ਦੇਸ਼ ਦੇ ਨਵੇਂ ਸਿਹਤ ਮੰਤਰੀ ਹੋਣਗੇ। ਜਾਨਸਨ ਸਰਕਾਰ ਨੂੰ ਵੱਡਾ ਝਟਕਾ ਦਿੰਦੇ ਹੋਏ ਵਿੱਤ ਮੰਤਰੀ ਰਿਸ਼ੀ ਸੁਨਕ ਅਤੇ ਸਿਹਤ ਮੰਤਰੀ ਸਾਜਿਦ ਜਾਵੇਦ ਨੇ ਮੰਗਲਵਾਰ ਆਪੋ-ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਤੇ ਕਿਹਾ ਸੀ ਕਿ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੀ ਅਗਵਾਈ ਉੱਤੇ ਭਰੋਸਾ ਨਹੀਂ ਅਤੇ ਉਹ ਘੁਟਾਲੇ ਵਾਲੀ ਸਰਕਾਰ ਲਈ ਕੰਮ ਨਹੀਂ ਕਰ ਸਕਦੇ। ਦੋਨਾਂ ਮੰਤਰੀਆਂ ਨੇ ਓਦੋਂ ਅਸਤੀਫਾ ਦਿੱਤਾ ਹੈ, ਜਦੋਂ ਪਿੱਛੇ ਜਿਹੇ ਇੱਕ ਸਾਬਕਾ ਅਫਸਰ ਨੇ ਸਸਪੈਂਡਪਾਰਲੀਮੈਂਟ ਮੈਂਬਰ ਕ੍ਰਿਸ ਪਿਨਚਰ ਦੇ ਖਿਲਾਫ ਦੋਸ਼ਾਂ ਨਾਲ ਨਜਿੱਠਣ ਬਾਰੇ ਪ੍ਰਧਾਨ ਮੰਤਰੀ ਦਫਤਰ ਦੇ ਤੌਰ ਤਰੀਕੇ ਨੂੰ ਲੈਕੇ ਟਿਪਣੀ ਕੀਤੀ ਸੀ, ਜਿਸ ਨਾਲ ਇੱਕ ਵੱਡਾ ਵਿਵਾਦ ਖੜ੍ਹਾ ਹੋ ਗਿਆ ਸੀ।

# ਕਮਿਊਨਿਟੀ ਹਾਲ ਉਸਾਰਨ ਲਈ ਦਿੱਤੀ ਗਰਾਂਟ ਵਿੱਚ ਵੀ ਹੇਰਾ-ਫੇਰੀ

*** ਭੇਦ ਖੁੱਲ੍ਹਾ ਤਾਂ ਚਾਰ ਸੁਸਾਇਟੀਆਂ ਨੇ 10-10 ਲੱਖਵਾਪਸ ਕੀਤੇ**

ਜਲੰਧਰ, 6 ਜੁਲਾਈ (ਪੋਸਟ ਬਿਊਰੋ)- ਜਲੰਧਰ ਉਤਰੀ ਵਿਧਾਨ ਸਭਾ ਹਲਕੇ ਵਿੱਚ ਕਮਿਊਨਿਟੀ ਹਾਲ ਬਣਾਉਣ ਲਈ ਜਾਰੀ ਕੀਤੀ ਗਰਾਂਟ ਰਾਸ਼ੀ ਵਿੱਚ ਹੇਰਾ ਫੇਰੀ ਦਾ ਭੇਦ ਖੁੱਲ੍ਹਾ ਹੈ। ਇਸ ਤੋਂ ਬਾਅਦ ਚਾਰ ਸੁਸਾਇਟੀਆਂ ਨੇ 10-10 ਲੱਖ ਰੁਪਏ ਵਾਪਸ ਕਰ ਦਿੱਤੇ ਹਨ। ਇੱਕ ਸੁਸਾਇਟੀ ਨੇ 10 ਲੱਖ ਅਤੇ ਵਿਆਜ ਦੇ 16370 ਰੁਪਏ ਸਰਕਾਰ ਦੇ ਖਾਤੇ ਵਿੱਚ ਪਾਏ ਤਾਂ ਦੂਜੀ ਨੇ ਈ ਡੀ ਸੀ (ਅਰਬਨ ਡਿਵੈਲਪਮੈਂਟ) ਦੇ ਨਾਂਅ ਉੱਤੇ ਵਿਆਜ ਸਮੇਤ 10,16,321 ਦਾ ਚੈਕ ਦਿੱਤਾ ਹੈ। ਇਹ ਵੀ ਪਤਾ ਲੱਗਾ ਹੈ ਕਿ ਹੇਰਾ ਫੇਰੀ ਕਰਨ ਵਾਲੀਆਂ ਸੁਸਾਇਟੀਆਂ ਦੀ ਗਿਣਤੀ ਵੱਧ ਕੇ ਛੇ ਹੋ ਗਈ ਹੈ। ਸਾਰਿਆਂ ਨੂੰ 10-10 ਲੱਖ ਰੁਪਏ ਦੇ ਹਿਸਾਬ ਨਾਲ ਸੱਠ ਲੱਖ ਰੁਪਏ ਦਿੱਤੇ ਗਏ ਹਨ। ਇਹ ਰਕਮ ਜਮ੍ਹਾਂ ਮੋੜਨ ਵਾਲੀਆਂ ਸੁਸਾਇਟੀਆਂ ਵਿੱਚ ਇੰਡਸਟਰੀਅਲ ਏਰੀਆ ਸੋਸ਼ਲ ਵੈਲਫੇਅਰ ਸੁਸਾਇਟੀ ਅਤੇ ਇੰਡਸਟਰੀਅਲ ਏਰੀਆ ਵੈਲਫੇਅਰ ਐਂਡ ਡਿਵੈਲਪਮੈਂਟ ਸੁਸਾਇਟੀ ਸ਼ਾਮਲ ਹਨ। ਪਹਿਲਾਂ ਪੰਜ ਸੁਸਾਇਟੀਆਂ ਦੇ ਨਾਂਅ ਪਤਾ ਲੱਗੇ ਸਨ ਤੇ ਫਿਰ ਪਤਾ ਲੱਗਾ ਕਿ ਛੇਵੀਂ ਇੰਡਸਟਰੀਅਲ ਏਰੀਆ ਵੈਲਫੇਅਰ ਐਂਡ ਡਿਵੈਲਪਮੈਂਟ ਸੁਸਾਇਟੀ ਵੀ ਸ਼ਾਮਲ ਹੈ। ਦੋ ਹੋਰ ਸੁਸਾਇਟੀਆਂ ਨੇ ਗ੍ਰਾਂਟ ਰਾਸ਼ੀ ਵਾਪਸ ਕੀਤੀ ਹੈ, ਪਰ ਹਾਲੇ ਇਨ੍ਹਾਂ ਦੇ ਨਾਂਅ ਜਨਤਕ ਨਹੀਂ ਹੋਏ। ਇਸ ਦੀ ਜਾਂਚ ਦੌਰਾਨ ਹੋਰ ਸੁਸਾਇਟੀਆਂ ਦੇ ਨਾਂਅ ਵੀ ਨਿਕਲ ਸਕਦੇ ਹਨ।

ਇਸ ਫਰਾਡ ਵਿਰੁੱਧ ਸਾਬਕਾ ਵਿਧਾਇਕ ਅਤੇ ਭਾਜਪਾ ਆਗੂ ਕੇ ਡੀ ਭੰਡਾਰੀ ਨੇ ਸੱਤ ਜੂਨ ਨੂੰ ਡਿਪਟੀ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ ਤੇ ਦੋਸ਼ ਲਾਇਆ ਸੀ ਕਿ ਗ੍ਰਾਂਟ ਦਾ ਇਹ ਪੈਸਾ ਨਾਰਥ ਹਲਕੇ ਵਿੱਚ ਕਾਂਗਰਸੀ ਉਮੀਦਵਾਰ ਨੇ ਚੋਣ ਉੱਤੇ ਖਰਚ ਕੀਤਾ ਹੈ। ਇਸ ਦੀ ਜਾਂਚ ਸ਼ੁਰੂ ਹੋਣ ਪਿੱਛੋਂ ਇਹ ਰਾਸ਼ੀ ਵਾਪਸ ਕੀਤੀ ਗਈ ਹੈ। ਇਨ੍ਹਾਂ ਦੋ ਸੁਸਾਇਟੀਆਂ ਵੱਲੋਂ ਰਕਮ ਜਮ੍ਹਾਂ ਕਰਾਉਣ ਦੇ ਵੇਰਵੇ ਮਿਲੇ ਹਨ, ਇਨ੍ਹਾਂ ਨੇ 17 ਤੇ 18 ਜੂਨ ਨੂੰ ਇਹ ਰਕਮ ਵਾਪਸ ਕੀਤੀ ਹੈ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਸਰਕਾਰ ਵੇਲੇ ਕਈ ਸੁਸਾਇਟੀਆਂ ਨੂੰ ਕਮਿਊਨਿਟੀ ਹਾਲ ਉਸਾਰਨ ਲਈ 10-10 ਲੱਖ ਰੁਪਏ ਦੀ ਗਰਾਂਟ ਦਿੱਤੀ ਗਈ ਸੀ। ਜਾਂਚ ਵਿੱਚ ਪਤਾ ਲੱਗਾ ਕਿ ਸੁਸਾਇਟੀਆਂ ਦੀ ਗਰਾਂਟ ਦੀ ਕੁਝ ਰਕਮ ਕੁਝ ਮੈਂਬਰਾਂ ਨੇ ਆਪਣੇ ਖਾਤਿਆਂ ਵਿੱਚ ਪਾ ਲਈ ਅਤੇ ਕਮਿਊਨਿਟੀ ਹਾਲ ਨਹੀਂ ਬਣਵਾਏ। ਇੰਡਸਟਰੀਅਲ ਏਰੀਆ ਸੋਸ਼ਲ ਵੈਲਫੇਅਰ ਐਂਡ ਡਿਵੈਲਪਮੈਂਟ ਸੁਸਾਇਟੀ ਅਤੇ ਦੋ ਹੋਰ ਸੁਸਾਇਟੀਆਂ ਨੇ ਜਾਂਚ ਸ਼ੁਰੂ ਹੁੰਦੇ ਸਾਰ ਗਰਾਂਟ ਦੀ ਰਕਮ ਮੋੜ ਦੇਣ ਵਿੱਚ ਭਲਾਈ ਜਾਣੀ। ਜਿਨ੍ਹਾਂ ਛੇ ਸੁਸਾਇਟੀਆਂ ਦੇ ਨਾਂਅ ਪਤਾ ਲੱਗੇ, ਉਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਵੈਲਫੇਅਰ ਹਾਊਸਿੰਗ ਸੁਸਾਇਟੀ, ਸੋਢਲ ਨਗਰ ਸਿੱਧ ਮੁਹੱਲਾ ਵੈਲਫੇਅਰ ਸੁਸਾਇਟੀ, ਭਾਈ ਲਾਲੋ ਵੈਲਫੇਅਰ ਸੁਸਾਇਟੀ ਸ਼ਿਵਨਗਰ, ਸ਼ਿਵਨਗਰ ਯੂਥ ਵੈਲਫੇਅਰ ਸੁਸਾਇਟੀ, ਇੰਡਸਟਰੀਅਲ ਏਰੀਆ ਸ਼ਿਵ ਨਗਰ ਯੂਥ ਵੈਲਫੇਅਰ ਤੇ ਇੰਡਸਟਰੀਅਲ ਏਰੀਆ ਵੈਲਫੇਅਰ ਐਂਡ ਡਿਵੈਲਪਮੈਂਟ ਸੁਸਾਇਟੀ ਦੇ ਨਾਂਅ ਹਨ।ਇੰਡਸਟਰੀਅਲ ਏਰੀਆ ਸੋਸ਼ਲ ਵੈਲਫੇਅਰ ਸੁਸਾਇਟੀ ਨੇ ਗਰਾਂਟ ਵਾਪਸੀ ਲਈ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਸੁਸਾਇਟੀ ਦੇ ਮੈਂਬਰਾਂ ਵਿੱਚ ਮਤਭੇਦ ਹੋਣ ਕਾਰਨ ਕੰਮ ਰੁਕ ਗਿਆ ਹੈ, ਇਸ ਲਈ ਉਹ ਗਰਾਂਟ ਦੀ ਰਾਸ਼ੀ ਵਿਆਜ ਸਮੇਤ ਵਾਪਸ ਕਰ ਰਹੇ ਹਨ। ਸਾਬਕਾ ਵਿਧਾਇਕ ਕੇ ਡੀ ਭੰਡਾਰੀ ਨੇ ਕਿਹਾ ਕਿ ਪੰਜਾਬ ਵਿਕਾਸ ਨਿਰਮਾਣ ਸਕੀਮ ਦੀ ਗਰਾਂਟ ਤੋਂ ਸੁਸਾਇਟੀਆਂ ਨੂੰ ਜਾਰੀ ਰਾਸ਼ੀ ਵਿੱਚ ਵੱਡੀ ਹੇਰਾ ਫੇਰੀ ਹੋਈ ਹੈ। ਇਨ੍ਹਾਂ ਸੁਸਾਇਟੀਆਂ ਵੱਲੋਂ ਪੈਸੇ ਮੋੜਨ ਨਾਲ ਇਹ ਸਿੱਧ ਹੋ ਗਿਆ ਕਿ ਸੁਸਾਇਟੀਆਂ ਨੇ ਖੁਦ ਨੂੰ ਬਚਾਉਣ ਲਈ ਗਰਾਂਟ ਮੋੜੀ ਹੈ। ਉਨ੍ਹਾਂ ਕਿਹਾ ਕਿ ਹਾਲੇ ਸਿਰਫ ਛੇ ਸੁਸਾਇਟੀਆਂ ਦੇ ਨਾਂਅ ਪਤਾ ਲੱਗੇ ਹਨ, ਜਾਂਚ ਤੋਂ ਬਾਅਦ ਇਹ ਘੋਟਾਲਾ ਹੋਰ ਵੱਡਾ ਹੋ ਸਕਦਾ ਹੈ। ਜੋ ਕੋਈ ਵੀ ਇਸ ਵਿੱਚ ਸ਼ਾਮਲ ਹੈ, ਉਨ੍ਹਾਂ ਉੱਤੇ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਮਿਊਨਿਟੀ ਹਾਲ ਤਾਂ ਬਣਾਉਣੇ ਨਹੀਂ ਸਨ ਤੇ ਇਸੇ ਕਰਕੇ ਕੋਈ ਜਗ੍ਹਾ ਤੈਅ ਨਹੀਂ ਕੀਤੀ ਸੀ। ਭੰਡਾਰੀ ਨੇ ਕਿਹਾ ਕਿ ਉਨ੍ਹਾਂ ਦੀ ਪੰਜਾਬ ਸਰਕਾਰ ਤੋਂ ਮੰਗ ਹੈ ਕਿ ਜਲੰਧਰ ਉਤਰੀ ਹਲਕੇ ਵਿੱਚ ਪੰਜ-ਪੰਜ ਲੱਖ ਰੁਪਏ ਤੋਂ ਵੱਧ ਦੀਆਂ ਜਿੰਨੀਆਂ ਵੀ ਗ੍ਰਾਂਟਾਂ ਜਾਰੀ ਹੋਈਆਂ ਹਨ, ਉਨ੍ਹਾਂ ਦੀ ਜਾਂਚ ਕਰਵਾਈ ਜਾਵੇ।

ਜਾਂਚ ਅਧਿਕਾਰੀ ਏ ਡੀ ਸੀ (ਡੀ) ਵਰਿੰਦਰਪਾਲ ਸਿੰਘ ਬਾਜਵਾ ਨੇ ਕਿਹਾ ਕਿ ਸਾਰੀਆਂ ਸੁਸਾਇਟੀਆਂ ਦੇ ਬਿਆਨ ਕਲਮਬੱਧ ਕੀਤੇ ਜਾ ਰਹੇ ਹਨ। ਇਸ ਦੇ ਬਾਅਦ ਉਨ੍ਹਾਂ ਬਾਰੇ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ ਅਤੇ ਜਾਂਚ ਵਿੱਚ ਜੋ ਵੀ ਦੋਸ਼ੀ ਪਾਇਆ ਜਾਵੇਗਾ, ਉਸ ਖਿਲਾਫ ਕਾਰਵਾਈ ਦੀ ਸਿਫਾਰਸ਼ ਕੀਤੀ ਜਾਵੇਗੀ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 31 ਸਾਲ ਕੱਦ 5 ਫੁੱਟ 6 ਇੰਚ ਕੈਨੇਡੀਅਨ ਸਿਟੀਜ਼ਨ ਪਰਿਵਾਰਕ ਲੜਕੀ ਲਈ ਪੜ੍ਹੇ ਲਿਖੇ ਵੈੱਲ ਸੈਟਲਡ ਪਰਿਵਾਰਕ ਲੜਕੇ ਦੀ ਲੋੜ਼ ਹੈ ਜਾਣਕਾਰੀ ਲਈ 6475268700, 4166253208

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com



# ਕਨ੍ਹਈਆ ਦੇ ਕਾਤਲ ਜਿੱਤਣਗੇ ਜਾਂ ਭਾਰਤ ਦਾ ਭਵਿੱਖ

-ਯੋਗੇਂਦਰ ਯਾਦਵ

ਉਦੈਪੁਰ ਵਿੱਚ ਕਨ੍ਹਈਆ ਲਾਲ ਦੀ ਹੱਤਿਆ ਤੋਂ ਪੂਰਾ ਦੇਸ਼ ਪ੍ਰੇਸ਼ਾਨ ਹੈ। ਹੋਣਾ ਵੀ ਚਾਹੀਦਾ ਹੈ। ਕੋਈ ਵੀ ਹੱਤਿਆ ਆਪਣੇ ਆਪ ਵਿੱਚ ਭਿਆਨਕ ਹੈ, ਪਰ ਇਹ ਸਿਰਫ ਹੱਤਿਆ ਨਹੀਂ, ਯੋਜਨਾ ਬਣਾ ਕੇ ਇਰਾਦਤਨ ਤੇ ਜਿਸ ਜ਼ਾਲਮ ਢੰਗ ਨਾਲ ਇਹ ਹੱਤਿਆ ਕੀਤੀ ਗਈ, ਉਹ ਉਸ ਦੀ ਭਿਆਨਕਤਾ ਦਾ ਨਮੂਨਾ ਦੱਸਦੀ ਹੈ। ਇਹੀ ਨਹੀਂ, ਇਸ ਹੱਤਿਆ ਪਿੱਛੇ ਕੋਈ ਨਿੱਜੀ ਰੰਜਿਸ਼ ਨਹੀਂ ਸੀ। ਇਹ ਹੱਤਿਆ ਸ਼ੁੱਧ ਧਰਮ ਵਿਰੋਧ ਦਾ ਨਤੀਜਾ ਸੀ। ਰਿਆਜ਼ ਅਤਾਰੀ ਅਤੇ ਗੌਸ ਮੁਹੰਮਦ ਇਸ ਗੱਲੋਂ ਨਾਰਾਜ਼ ਸਨ ਕਿ ਕਨ੍ਹਈਆ ਲਾਲ ਦੇ ਫੇਸਬੁੱਕ ਅਕਾਊਂਟ ਉੱਤੇ ਪੈਗੰਬਰ ਮੁਹੰਮਦ ਦਾ ਅਪਮਾਨ ਕਰਨ ਵਾਲੀ ਨੂਪੁਰ ਸ਼ਰਮਾ ਦੀ ਹਮਾਇਤ ਕੀਤੀ ਗਈ ਸੀ।

ਗੱਲ ਇੱਥੋਂ ਤੱਕ ਸੀਮਿਤ ਨਹੀਂ ਹੈ। ਕਾਤਲਾਂ ਨੇ ਖੁਦ ਇਸ ਕਤਲ ਦੀ ਵੀਡੀਓ ਬਣਾਈ ਅਤੇ ਇਸ ਨੂੰ ਪ੍ਰਚਾਰਿਤ ਅਤੇ ਪ੍ਰਸਾਰਿਤ ਕੀਤਾ। ਬਾਅਦ ਵਿੱਚ ਪਤਾ ਲੱਗਾ ਕਿ ਇੱਕ ਕਾਤਲ ਭਾਰਤੀ ਜਨਤਾ ਪਾਰਟੀ ਦੇ ਘੱਟਗਿਣਤੀ ਸੈੱਲ ਨਾਲ ਜੁੜਿਆ ਰਿਹਾ ਹੈ। ਉਸ ਦੀਆਂ ਫੋਟੋ ਭਾਜਪਾ ਦੇ ਆਗੂਆਂ ਨਾਲ ਮਿਲੀਆਂ। ਅਜੇ ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ ਉਹ ਭਾਰਤੀ ਜਨਤਾ ਪਾਰਟੀ ਦਾ ਵਰਕਰ ਸੀ ਜਾਂ ਸੱਤਾਧਾਰੀਆਂ ਨਾਲ ਜੁੜ ਕੇ ਫੋਟੋ ਖਿਚਵਾਉਣ ਵਾਲਾ ਮਾਮੂਲੀ ਆਦਮੀ। ਇਸ ਮਾੜੇ ਕਰਮ ਦਾ ਸੂਤਰਧਾਰ ਜੋ ਵੀ ਹੋਵੇ, ਇਹ ਸਪੱਸ਼ਟ ਹੈ ਕਿ ਇਸ ਹੱਤਿਆ ਦਾ ਇਰਾਦਾ ਸਿਰਫ ਇੱਕ ਵਿਅਕਤੀ ਤੋਂ ਬਦਲਾ ਲੈਣ ਦਾ ਨਹੀਂ, ਸਗੋਂ ਇਸ ਨੂੰ ਪ੍ਰਚਾਰਿਤ ਤੇ ਪ੍ਰਸਾਰਿਤ ਕਰ ਕੇ ਹਿੰਦੂ ਸਮਾਜ ਵਿੱਚ ਦਹਿਸ਼ਤ ਅਤੇ ਮੁਸਲਮਾਨਾਂ ਵਿੱਚ ਵੱਖਵਾਦ ਫੈਲਾਉਣਾ ਸੀ। ਹਿੰਦੂ ਅਤੇ ਮੁਸਲਮਾਨ ਦਰਮਿਆਨ ਨਫਰਤ ਅਤੇ ਬੇਭਰੋਸਗੀ ਦੇ ਪਾੜੇ ਨੂੰ ਡੂੰਘਾ ਕਰਨਾ ਸੀ। ਕਨ੍ਹਈਆ ਦੇ ਕਤਲ ਰਾਹੀਂ ਭਾਰਤ ਉੱਤੇ ਹਮਲਾ ਕਰਨ ਦੀ ਸਾਜ਼ਿਸ਼ ਸੀ।


ਕੀ ਇਹ ਸਾਜ਼ਿਸ਼ ਸਫਲ ਹੋਵੇਗੀ? ਅਜੇ ਕਿਸੇ ਸਿੱਟੇ ਉੱਤੇ ਨਹੀਂ ਪੁੱਜ ਸਕਦੇ, ਪਰ ਅਸੀਂ ਜਾਣਦੇ ਹਾਂ ਕਿ ਅਜਿਹੀ ਸਾਜ਼ਿਸ਼ ਉਦੋਂ ਸਫਲ ਹੁੰਦੀ ਹੈ, ਜਦੋਂ ਅਜਿਹੀ ਘਟਨਾ ਦੀ ਪ੍ਰਤੀਕਿਰਿਆ ਫਿਰਕੂ ਆਧਾਰ ਉੱਤੇ ਹੋਵੇ, ਮਨੁੱਖੀ ਆਧਾਰ ਉੱਤੇ ਨਹੀਂ। ਇਸ ਘਟਨਾ ਨੂੰ ਹਿੰਦੂ ਤੇ ਮੁਸਲਮਾਨ ਵੱਖ-ਵੱਖ ਚਸ਼ਮੇ ਨਾਲ ਦੇਖਣ। ਅਜਿਹੀ ਸਾਜ਼ਿਸ਼ ਹੋਰ ਵੀ ਸਫਲ ਹੁੰਦੀ ਹੈ, ਜਦੋਂ ਸੂਬਾ, ਸ਼ਾਸਨ ਅਤੇ ਪੁਲਸ ਇੱਕ ਪਾਸੜ ਰੁਖ਼ ਅਪਣਾਏ, ਅੱਗ ਬੁਝਾਉਣ ਦੀ ਬਜਾਏ ਉਸ ਨੂੰ ਹਵਾ ਦੇਵੇ।





ਉਦੈਪੁਰ ਮਾਮਲੇ ਵਿੱਚ ਸਾਨੂੰ ਘੱਟੋ ਘੱਟ ਇੰਨੀ ਤਸੱਲੀ ਹੋ ਸਕਦੀ ਹੈ ਕਿ ਕੁਝ ਸਿਰੇਫਿਰੇ ਲੋਕਾਂ ਨੂੰ ਛੱਡ ਕੇ ਇਸ ਘਟਨਾ ਦੀ ਹਰ ਕਿਸੇ ਨੇ ਨਿੰਦਾ ਕੀਤੀ ਭਾਵੇਂ ਉਹ ਹਿੰਦੂ ਸੀ ਜਾਂ ਮੁਸਲਮਾਨ। ਦੇਸ਼ ਦੇ ਸਭ ਮੁਸਲਿਮ ਆਗੂਆਂ, ਵਰਕਰਾਂ, ਬੁੱਧੀਜੀਵੀਆਂ ਤੇ ਸੰਸਥਾਵਾਂ ਨੇ ਇਸ ਹੱਤਿਆ ਦੀ ਨਿੰਦਾ ਕੀਤੀ, ਬਿਨਾਂ ਕਿਸੇ ਕਿੰਤੂ ਪ੍ਰੰਤੂ ਦੇ। ਸ਼ੁਰੂ ਵਿੱਚ ਕਨ੍ਹਈਆ ਲਾਲ ਨੂੰ ਢੁੱਕਵੀਂ ਸੁਰੱਖਿਆ ਦੇਣ ਵਿੱਚ ਹੋਈ ਕੋਤਾਹੀ ਪਿੱਛੋਂ ਰਾਜਸਥਾਨ ਸਰਕਾਰ ਨੇ ਕਾਫੀ ਸਖਤ ਅਤੇ ਫੈਸਲਾਕੁੰਨ ਕਦਮ ਚੁੱਕੇ। ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਮੰਦਭਾਵਨਾ ਅਤੇ ਹਿੰਸਾ ਫੈਲਾਉਣ ਵਾਲਿਆਂ ਨੂੰ ਸਖਤੀ ਨਾਲ ਰੋਕਿਆ ਗਿਆ। ਅਗਲੇ ਹੀ ਦਿਨ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਨੇ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ। ਉਮੀਦ ਕਰਨੀ ਚਾਹੀਦੀ ਹੈ ਕਿ ਕਨ੍ਹਈਆ ਲਾਲ ਦੇ ਕਾਤਲ ਨੂੰ ਜਲਦੀ ਤੋਂ ਜਲਦੀ ਅਤੇ ਸਖਤ ਤੋਂ ਸਖਤ ਸਜ਼ਾ ਮਿਲੇਗੀ।

ਕੀ ਇਸ ਮਾਮਲੇ ਵਿੱਚ ਸਖਤ ਕਾਰਵਾਈ ਨਾਲ ਕਿਸੇ ਹੋਰ ਕਨ੍ਹਈਆ ਦੇ ਕਿਸੇ ਅਤੇ ਸੰਭਵ ਕਤਲਾਂ ਨੂੰ ਰੋਕਿਆ ਜਾ ਸਕੇਗਾ? ਧਰਮ ਦੇ ਨਾਂਅ ਉੱਤੇ ਨਫਰਤ ਅਤੇ ਹਿੰਸਾ ਉੱਤੇ ਕਾਬੂ ਪਾਉਣ ਵਿੱਚ ਸਫਲਤਾ ਮਿਲੇਗੀ? ਕੀ ਅਸੀਂ ਇਸ ਭਿਆਨਕ ਤਾਂਡਵ ਤੋਂ ਭਾਰਤ ਦਾ ਭਵਿੱਖ ਸੁਰੱਖਿਅਤ ਕਰ ਸਕਾਂਗੇ? ਇਸ ਦਾ ਜਵਾਬ ਦੇਣ ਲਈ ਸਾਨੂੰ ਫਲੈਸ਼ ਬੈਕ ਦਾ ਸਹਾਰਾ ਲੈਣਾ ਹੋਵੇਗਾ। ਅੱਜ ਤੋਂ ਪੰਜ ਸਾਲ ਪਹਿਲਾਂ ਇੱਕ ਅਪ੍ਰੈਲ 2017 ਦਾ ਦਿਨ ਸੀ। ਥਾਂ ਉਸੇ ਰਾਜਸਥਾਨ ਦੇ ਅਲਵਰ ਜ਼ਿਲੇ ਵਿੱਚ ਬਹਰੋਡ। ਉਸ ਦਿਨ ਦੇਸ਼ ਦੀ ਪਹਿਲੀ ਬਹੁਚਰਚਿਤ ਵੀਡੀਓ ਲਿੰਚਿੰਗ ਹੋਈ ਸੀ, ਪਹਿਲੂ ਖਾਨ ਨਾਮ ਦੇ ਇੱਕ ਨਾਗਰਿਕ ਦੀ। ਜੈਪੁਰ ਦੇ ਪਸ਼ੂ ਮੇਲੇ ਤੋਂ ਸਰਕਾਰੀ ਰਸੀਦ ਲੈ ਕੇ ਆਪਣੇ ਘਰ ਦੁਧਾਰੂ ਗਊ ਲਿਆਉਂਦੇ ਸਮੇਂ ਪਹਿਲੂ ਖਾਨ ਨੂੰ ਇੱਕ ਭੀੜ ਨੇ ਰੋਕਿਆ ਅਤੇ ਪੂਰੀ ਸਫਾਈ ਦੇਣ ਦੇ ਬਾਵਜੂਦ ਪਬਲਿਕ ਦੇ ਸਾਹਮਣੇ ਵੀਡੀਓ ਦੀਆਂ ਅੱਖਾਂ ਹੇਠ ਕੁੱਟ-ਕੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ ਗਈ। ਇਹ ਹੱਤਿਆ ਵੀ ਸਾਧਾਰਨ ਹੱਤਿਆ ਨਹੀਂ ਸੀ। ਇਸ ਦੇ ਪਿੱਛੇ ਧਰਮ ਸੀ। ਇੱਕ ਭਾਈਚਾਰੇ ਦੇ ਲੋਕਾਂ ਵਿੱਚ ਡਰ ਫੈਲਾਉਣ ਦੀ ਨੀਅਤ ਸੀ, ਪਰ ਉਸ ਵਕਤ ਪੂਰਾ ਦੇਸ਼ ਹੈਰਾਨ ਨਹੀਂ ਹੋਇਆ।





ਰਾਜਸਥਾਨ ਦੇ ਗ੍ਰਿਹ ਮੰਤਰੀ ਨੇ ਘਟਨਾ ਉੱਤੇ ਪੋਚਾਪਾਚੀ ਕੀਤੀ। ਆਪਣੇ ਆਪ ਨੂੰ ਹਿੰਦੂਆਂ ਦਾ ਪ੍ਰਤੀਨਿਧੀ ਦੱਸਣ ਵਾਲੇ ਕੁਝ ਲੋਕਾਂ ਨੇ ਕਾਤਲਾਂ ਦੀ ਤੁਲਨਾ ਭਗਤ ਸਿੰਘ ਤੇ ਚੰਦਰਸ਼ੇਖਰ ਆਜ਼ਾਦ ਨਾਲ ਕੀਤੀ। ਦੇਸ਼ ਦੀ ਜਾਂਚ ਵਿੱਚ ਇੰਨੀ ਢਿੱਲ ਹੋਈ ਕਿ ਜਾਂਚ ਅਫਸਰ ਚਾਰ ਵਾਰ ਬਦਲੇ ਗਏ। ਮੁਲਜ਼ਮਾਂ ਨੂੰ ਕਾਹਲੀ-ਕਾਹਲੀ ਵਿੱਚ ਜ਼ਮਾਨਤ ਮਿਲ ਗਈ ਤੇ ਦੋ ਸਾਲ ਵਿੱਚ ਹੀ ਸਭ ਛੇ ਮੁਲਜ਼ਮਾਂ ਨੂੰ ਅਦਾਲਤ ਨੇ ਬਰੀ ਵੀ ਕਰ ਦਿੱਤਾ।

ਇਸੇ ਰਾਜਸਥਾਨ ਵਿੱਚ ਉਸੇ ਸਾਲ ਦਸੰਬਰ ਵਿੱਚ ਉਦੈਪੁਰ ਨੇੜੇ ਰਾਜਸਮੰਦ ਵਿਖੇ ਇੱਕ ਹੋਰ ਘਟਨਾ ਵਾਪਰੀ। ਸ਼ੰਭੂ ਲਾਲ ਰੇਗਰ ਨਾਮੀ ਇੱਕ ਵਿਅਕਤੀ ਨੇ ਅਪਰਾਜੁਲ ਸ਼ੇਖ਼ ਨਾਮੀ ਇੱਕ ਮਜ਼ਦੂਰ ਦਾ ਕੁਹਾੜੀ ਨਾਲ ਕਤਲ ਕਰ ਦਿੱਤਾ। ਇਸ ਦਾ ਫੇਸਬੁਕ ਉੱਤੇ ਲਾਈਵ ਪ੍ਰਸਾਰਨ ਕੀਤਾ। ਇਸ ਨੂੰ ਮੁਸਲਮਾਨਾਂ ਤੋਂ ਲਵ ਜੇਹਾਦ ਦਾ ਬਦਲਾ ਲੈਣ ਦੀ ਕਾਰਵਾਈ ਕਰਾਰ ਦਿੱਤਾ। ਇਸ ਪਿੱਛੋਂ ਪੂਰੇ ਦੇਸ਼ ਵਿੱਚ ਸ਼ੰਭੂ ਲਾਲ ਦੀ ਮਹਿਮਾ ਹੋਈ। ਉਸ ਦੇ ਪਰਵਾਰ ਲਈ ਚੰਦਾ ਮੁਹਿੰਮ ਚਲਾਈ ਗਈ। ਇਸੇ ਉਦੈਪੁਰ ਸ਼ਹਿਰ ਵਿੱਚ ਉਸ ਦੇ ਹੱਕ ਵਿੱਚ ਵਿਖਾਵੇ ਹੋਏ। ਜੇਲ੍ਹ ਵਿੱਚ ਰਹਿੰਦੇ ਹੋਏ ਸ਼ੰਭੂ ਲਾਲ ਨੇ ਵੀਡੀਓ ਬਣਾਈ, ਮੁਸਲਮਾਨਾਂ ਵਿਰੁੱਧ ਇਹ ਕਿਹਾ ਕਿ ਇੱਕ ਪਾਰਟੀ ਵਾਲਿਆਂ ਨੇ ਉਸ ਨੂੰ ਲੋਕ ਸਭਾ ਦੀਆਂ ਚੋਣਾਂ ਵਿੱਚ ਆਪਣਾ ਉਮੀਦਵਾਰ ਬਣਾਉਣ ਦੀ ਪੇਸ਼ਕਸ਼ ਵੀ ਕੀਤੀ ਸੀ।

ਪਿਛਲੇ ਪੰਜ ਸਾਲਾਂ ਵਿੱਚ ਦੇਸ਼ ਵਿੱਚ ਦਰਜਨਾਂ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ। ਇਸ ਦੇ ਸ਼ਿਕਾਰ ਅਕਸਰ ਮੁਸਲਮਾਨ ਹੋਏ, ਪਰ ਕਈ ਵਾਰ ਦਲਿਤ ਅਤੇ ਆਦਿਵਾਸੀ ਵਿਅਕਤੀਆਂ ਦੀ ਭਿਆਨਕ ਹੱਤਿਆ ਦੀ ਖਬਰ ਵੀ ਆਉਂਦੀ ਰਹਿੰਦੀ ਹੈ। ਅੱਜਕੱਲ੍ਹ ਇਹ ਖਬਰ ਇੰਨੀ ਆਮ ਹੋ ਗਈ ਹੈ ਕਿ ਹਿੰਦੀ ਦੀਆਂ ਅਖਬਾਰਾਂ ਵਿੱਚ ਮੌਬ ਲਿੰਚਿੰਗ ਇੱਕ ਆਮ ਸ਼ਬਦ ਬਣ ਗਿਆ ਹੈ। ਭਾਰਤ ਸਰਕਾਰ ਨੇ ਪਾਰਲੀਮੈਂਟ ਵਿੱਚ ਦੱਸਿਆ ਕਿ 2017 ਤੋਂ ਪਿੱਛੋਂ ਨੈਸ਼ਨਲ ਕਰਾਈਮ ਬਿਊਰੋ ਦੇ ਅੰਕੜਿਆਂ ਵਿੱਚ ਮੌਬ ਲਿੰਚਿੰਗ ਦੀ ਗਿਣਤੀ ਬੰਦ ਕਰ ਦਿੱਤੀ ਗਈ ਹੈ।

ਰਾਜਸਥਾਨ ਤੇ ਝਾਰਖੰਡ ਸਰਕਾਰਾਂ ਨੇ ਇਸ ਵਿਰੁੱਧ ਕਾਨੂੰਨ ਪਾਸ ਕੀਤੇ, ਪਰ ਕੇਂਦਰ ਸਰਕਾਰ ਨੇ ਅਜੇ ਉਨ੍ਹਾਂ ਨੂੰ ਰੋਕ ਕੇ ਰੱਖਿਆ ਹੈ। ਮੱਧ ਪ੍ਰਦੇਸ਼ ਦੇ ਗੁਨਾ ਜ਼ਿਲੇ ਵਿੱਚ ਸਹਾਰੀਆ ਆਦਿਵਾਸੀ ਭਾਈਚਾਰੇ ਦੀ ਰਾਮਪਿਆਰੀ ਬਾਈ ਨੂੰ ਜ਼ਿੰਦਾ ਸਾੜੇ ਜਾਣ ਦੀ ਵੀਡੀਓ ਸਾਹਮਣੇ ਆਈ ਹੈ। ਖਬਰ ਬਣੀ ਹੈ, ਪਰ ਪੂਰਾ ਦੇਸ਼ ਹੈਰਾਨ ਨਹੀਂ ਹੈ। ਕੌੜੀ ਸੱਚਾਈ ਇਹ ਹੈ ਕਿ ਅਸੀਂ ਕਤਲ ਤੇ ਕਤਲ ਵਿੱਚ ਫਰਕ ਕਰਦੇ ਹਾਂ। ਲਾਸ਼ ਨੂੰ ਕੱਪੜਿਆਂ ਤੋਂ ਪਛਾਣਦੇ ਹਾਂ। ਇਤਿਹਾਸ ਦੱਸਦਾ ਹੈ ਕਿ ਕਾਨੂੰਨ ਦਾ ਰਾਜ ਟੁਕੜਿਆਂ ਵਿੱਚ ਕਾਇਮ ਨਹੀਂ ਹੁੰਦਾ। ਜਾਂ ਦੇਸ਼ ਵਿੱਚ ਹਰ ਕੋਈ ਸੁਰੱਖਿਅਤ ਹੈ ਜਾਂ ਕੋਈ ਨਹੀਂ ਹੈ। ਕਿਸੇ ਵੀ ਗਲੀ ਵਿੱਚ ਇੱਕ ਭੀੜ ਦੇ ਸਾਹਮਣੇ ਖੜ੍ਹਾ ਹਰ ਨਿਹੱਥਾ ਇਨਸਾਨ ਘੱਟਗਿਣਤੀ ਹੈ, ਭਾਵੇਂ ਉਸ ਦੀ ਜਾਤੀ ਤੇ ਧਰਮ ਕੁਝ ਵੀ ਹੋਵੇ। ਜਦੋਂ ਤੱਕ ਅਸੀਂ ਬਿਨਾਂ ਉਸ ਦੀ ਜਾਤੀ, ਧਰਮ, ਭਾਸ਼ਾ ਜਾਂ ਕੱਪੜਾ ਦੇਖ ਕੇ ਉਸ ਦੀ ਸੁਰੱਖਿਆ ਲਈ ਖੜ੍ਹੇ ਨਹੀਂ ਹੁੰਦੇ, ਉਦੋਂ ਤੱਕ ਕਨ੍ਹਈਆ ਲਾਲ ਦੇ ਕਾਤਲ ਜਿੱਤਣਗੇ।

# ਹਵਾ ਦਾ ਬੁੱਲਾ

-ਪ੍ਰਿੰਸੀਪਲ ਵਿਜੈ ਕੁਮਾਰ

ਨਰਸਰੀ ਤੋਂ ਤੀਜੀ ਤੱਕ ਜਮਾਤਾਂ ਆਪਣੇ ਦਫਤਰ ਦੇ ਨਾਲ ਵਾਲੇ ਕਮਰਿਆਂ ਵਿੱਚ ਲੈ ਆਇਆ ਸਾਂ। ਉਨ੍ਹਾਂ ਦੀ ਪੜ੍ਹਾਈ ਬਾਰੇ ਮੇਰੀ ਤਸੱਲੀ ਨਹੀਂ ਸੀ ਅਤੇ ਉਨ੍ਹਾਂ ਵੱਲ ਉਚੇਚਾ ਧਿਆਨ ਦੇਣਾ ਚਾਹੁੰਦਾ ਸੀ। ਮੇਰੀ ਚਿੰਤਾ ਕਿਸੇ ਹੱਦ ਤੱਕ ਸਹੀ ਨਿਕਲੀ। ਕੁਝ ਦਿਨਾਂ ਤੋਂ ਮੇਰੇ ਕੰਨਾਂ ਵਿੱਚ ਭਾਰੀ ਜਿਹੀ ਆਵਾਜ਼ ਪੈ ਰਹੀ ਸੀ। ਇਹ ਦੂਜੀ ਜਮਾਤ ਵਿੱਚ ਪੜ੍ਹਦੇ ਇੱਕ ਬੱਚੇ ਦੀ ਦਾਦੀ ਦੀ ਆਵਾਜ਼ ਸੀ। ਉਹ ਬੱਚੇ ਦੀ ਜਮਾਤ ਨੂੰ ਪੜ੍ਹਾਉਣ ਵਾਲੀ ਅਧਿਆਪਕਾ ਨੂੰ ਕਹਿ ਰਹੀ ਸੀ, ''ਮੈਡਮ ਜੀ, ਮੇਰੇ ਪੋਤੇ ਦੀ ਪੜ੍ਹਾਈ ਵੱਲ ਧਿਆਨ ਦਿਓ, ਪੜ੍ਹਾਈ ਵਿੱਚ ਬਹੁਤ ਕਮਜ਼ੋਰ ਐ।''

ਮੈਡਮ ਇਹ ਕਹਿ ਕੇ ਆਪਣੇ ਫਰਜ਼ ਤੋਂ ਵਿਹਲੀ ਹੋ ਜਾਂਦੀ, ''ਅਸੀਂ ਤਾਂ ਬੱਚੇ ਨੂੰ ਬਹੁਤ ਮਿਹਨਤ ਨਾਲ ਪੜ੍ਹਾਉਂਦੇ ਹਾਂ, ਤੁਹਾਡਾ ਬੱਚਾ ਹੀ ਪੜ੍ਹਾਈ ਵੱਲ ਗੌਰ ਨਹੀਂ ਕਰਦਾ। ਹਰ ਵੇਲੇ ਸ਼ਰਾਰਤਾਂ ਕਰਦਾ ਰਹਿੰਦਾ ਹੈ। ਜਦੋਂ ਤੱਕ ਤੁਸੀਂ ਇਸ ਨੂੰ ਖੁਦ ਘਰ ਨਹੀਂ ਪੜ੍ਹਾਉਂਦੇ, ਬੱਚਾ ਨਹੀਂ ਪੜ੍ਹ ਸਕੇਗਾ।''

''ਧੀਏ, ਜੇ ਅਸੀਂ ਐਨੇ ਜੋਗੇ ਹੁੰਦੇ ਤਾਂ ਤੁਹਾਡੇ ਅੱਗੇ ਅੜੇ ਕਾਹਦੇ ਲਈ ਹੋਣਾ ਸੀ।'' ਬਜ਼ੁਰਗ ਔਰਤ ਦਾ ਗਲਾ ਭਰ ਆਇਆ ਸੀ। ਮੈਡਮ ਨੇ ਮਾਈ ਨੂੰ ਹੌਸਲਾ ਦੇਣ ਦੀ ਥਾਂ ਕਹਿ ਦਿੱਤਾ ਸੀ, ''ਤੁਸੀਂ ਬੱਚੇ ਨੂੰ ਕਿਸੇ ਵੀ ਸਕੂਲ ਵਿੱਚ ਲੈ ਜਾਓ, ਇਹ ਨਹੀਂ ਪੜ੍ਹ ਸਕੇਗਾ।'' ਮੈਡਮ ਦੇ ਸ਼ਬਦ ਸੁਣ ਕੇ ਮੇਰੇ ਸੱਤੀਂ ਕੱਪੜੀਂ ਅੱਗ ਲੱਗ ਗਈ। ਦਿਲ ਕਰੇ, ਮੈਡਮ ਨੂੰ ਦਫਤਰ ਬੁਲਾ ਕੇ ਪੁੱਛਾਂ ਕਿ ਬੱਚਾ ਪੜ੍ਹ ਕਿਉਂ ਨਹੀਂ ਸਕਦਾ, ਪਰ ਕਾਹਲ ਨਾ ਕਰਨ ਦੀ ਸੋਚ ਕੇ ਮਨ ਬਦਲ ਲਿਆ।

ਸਵਾਲ ਅਸਲ ਵਿੱਚ ਉਸ ਬੱਚੇ ਦਾ ਨਹੀਂ ਸੀ, ਦੇਸ਼ ਦੀ ਸਿੱਖਿਆ ਪ੍ਰਣਾਲੀ ਦਾ ਸੀ। ਬੱਚਿਆਂ ਦੇ ਭਾਰ ਨਾਲੋਂ ਵੱਧ ਬੋਝ ਤਾਂ ਬਸਤਿਆਂ ਦਾ ਹੈ, ਫਿਰ ਸਕੂਲ ਤੋਂ ਆ ਕੇ ਸਿੱਧਾ ਟਿਊਸ਼ਨ, ਟੈਸਟ ਤੇ ਸਕੂਲ ਦਾ ਕੰਮ, ਬੱਚੇ ਸਿੱਖਿਆ ਪ੍ਰਣਾਲੀ ਦੀਆਂ ਕਠਪੁਤਲੀਆਂ ਬਣ ਗਏ। ਉਨ੍ਹਾਂ ਕੋਲੋਂ ਹਾਸਾ ਤੇ ਖੇਡਣਾ ਖੋਹ ਲਿਆ ਗਿਆ ਹੈ। ਕੋਈ ਵੀ ਮਾਂ ਬਾਪ ਨਹੀਂ ਚਾਹੁੰਦਾ ਕਿ ਉਨ੍ਹਾਂ ਦੇ ਬੱਚਿਆਂ ਦੇ ਨੰਬਰ 100 ਫੀਸਦੀ ਤੋਂ ਘੱਟ ਆਉਣ।

ਦੂਜੇ ਦਿਨ ਸੇਵਾਦਾਰ ਨੂੰ ਕਹਿ ਕੇ ਉਸ ਬਜ਼ੁਰਗ ਔਰਤ ਨੂੰ ਆਪਣੇ ਦਫਤਰ ਬੁਲਾ ਲਿਆ ਅਤੇ ਬੜੀ ਹਲੀਮੀ ਨਾਲ ਸਵਾਲ ਕੀਤਾ, ''ਮਾਤਾ ਜੀ, ਤੁਹਾਡੇ ਬੱਚੇ ਦੀ ਸਮੱਸਿਆ ਕੀ ਹੈ?''

ਉਹ ਥੋੜ੍ਹਾ ਸਮਾਂ ਚੁੱਪ ਰਹੀ, ਫਿਰ ਬੋਲੀ, ''ਸਮੱਸਿਆ ਤਾਂ ਤੁਹਾਨੂੰ ਦੱਸ ਦਿਆਂ, ਪਰ ਡਰ ਲੱਗਦਾ।''

''ਉਹ ਕਿਉਂ ਭਲਾਂ?'' ਮੇਰੇ ਮਨ ਵਿੱਚ ਜੋ ਕੁਝ ਸੀ।

ਉਸ ਮਾਈ ਨੇ ਵੀ ਉਹੀ ਕੁਝ ਬੋਲਿਆ, ''ਜੇ ਮੈਡਮ ਨੂੰ ਪਤਾ ਲੱਗ ਗਿਆ, ਮੈਂ ਤੁਹਾਡੇ ਕੋਲ ਸ਼ਿਕਾਇਤਕੀਤੀ ਹੈ ਤਾਂ ਉਹ ਮੇਰੇ ਪੋਤੇ ਨਾਲ ਲੱਗਣ ਲੱਗ ਪਵੇਗੀ।'' ਮੈਂ ਉਸ ਨੂੰ ਬੇਫਿਕਰ ਹੋ ਕੇ ਗੱਲ ਦੱਸਣ ਲਈ ਮਨਾ ਲਿਆ। ਉਸ ਅੰਦਰ ਵੀ ਸ਼ਾਇਦ ਹਿੰਮਤ ਆ ਗਈ। ਆਪਣੇ ਨਾਲ ਖੜ੍ਹੇ ਪੋਤੇ ਨੂੰ ਆਪਣੀ ਬਾਂਹ ਵਿੱਚ ਲੈ ਕੇ ਬੋਲੀ, ''ਦਾਦਾ ਦਾਦੀ ਨੂੰ ਮੂਲ ਤੋਂ ਵਿਆਜ ਦਾ ਵੱਧ ਫਿਕਰ ਹੁੰਦਾ। ਮੇਰਾ ਇੱਕੋ ਪੁੱਤਰ ਐ, ਉਹ ਚੰਗੀ ਤਰ੍ਹਾਂ ਪੜ੍ਹਿਆ ਨਹੀਂ, ਟਰੈਕਟਰ ਉੱਤੇ ਡਰਾਈਵਰੀ ਕਰਦਾ ਹੈ। ਇਹ ਸੋਚ ਕੇ ਕਿ ਪੁੱਤ ਪੜ੍ਹਿਆ ਨਹੀਂ, ਪੋਤਾ ਹੀ ਪੜ੍ਹ ਜਾਵੇ, ਅਸੀਂ ਇਹਨੂੰ ਸਰਕਾਰੀ ਸਕੂਲ ਦੀ ਥਾਂ ਮਾਡਲ ਸਕੂਲ ਵਿੱਚ ਪੜ੍ਹਨੇ ਪਾਇਆ। ਅਸੀਂ ਤੁਹਾਡੇ ਸਕੂਲ ਦੀ ਫੀਸ ਵੀ ਢਿੱਡ ਘੁੱਟ ਕੇ ਦਿੰਦੇ ਆਂ। ਇਹਨੂੰ ਕੁਝ ਨਹੀਂ ਆਉਂਦਾ।ਮੈਡਮ ਕਹਿੰਦੀ ਐ, ਇਹ ਪੜ੍ਹ ਨਹੀਂ ਸਕਦਾ, ਬੁਝਾਰਥਾ ਕਰਦਾ, ਜੋ ਇਹਨੂੰ ਪੜ੍ਹਾਉਣਾ ਹੈ ਤਾਂ ਘਰੇ ਪੜ੍ਹਾਇਆ ਕਰੋ।''

ਮਾਈ ਦੇ ਜਾਣ ਪਿੱਛੋਂ ਮੈਂ ਅਧਿਆਪਕਾਂ ਨੂੰ ਬੁਲਾ ਲਿਆ। ਬੱਚੇ ਬਾਰੇ ਪੁੱਛਣ ਉੱਤੇ ਉਸ ਦਾ ਜਵਾਬ ਸੀ, ''ਸਰ, ਇਹ ਬੱਚਾ ਨਹੀਂ ਪੜ੍ਹ ਸਕਦਾ।''

ਮੈਂ ਪੁੱਛਿਆ, ''ਕਿਉਂ?''

ਅਧਿਆਪਕਾ ਦਾ ਕਹਿਣਾ ਸੀ, ''ਇਹਨੂੰ ਘਰੇ ਕੋਈ ਵੀ ਨਹੀਂ ਪੜ੍ਹਾਉਂਦਾ।''

''ਮੈਡਮ, ਜੇ ਬੱਚੇ ਨੂੰ ਮਾਂ ਬਾਪ ਨੇ ਪੜ੍ਹਾਉਣਾ ਹੈ ਤਾਂ ਅਸੀਂ ਉਨ੍ਹਾਂ ਤੋਂ ਫੀਸ ਕਿਸ ਗੱਲ ਦੀ ਲੈਂਦੇ ਹਾਂ। ਉਨ੍ਹਾਂ ਨੇ ਸਰਕਾਰੀ ਸਕੂਲ ਛੱਡ ਕੇ ਆਪਣਾ ਬੱਚਾ ਇਸ ਸਕੂਲ ਵਿੱਚ ਕਿਉਂ ਦਾਖਲ ਕਰਵਾਇਆ?''

ਮੈਡਮ ਕੋਲ ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ। ਉਹ ਥੋੜ੍ਹਾ ਚੁੱਪ ਰਹਿਣ ਤੋਂ ਬਾਅਦ ਬੋਲੀ, ''ਸਰ, ਇਸ ਮਾਤਾ ਦਾ ਪੋਤਾ ਸ਼ਰਾਰਤੀ ਬਹੁਤ ਐ।''

''ਜਦੋਂ ਅਸੀਂ ਪੜ੍ਹਦੇ ਸੀ, ਸਾਨੂੰ ਘਰੇ ਕੌਣ ਪੜ੍ਹਾਉਂਦਾ ਸੀ? ਸਾਡੇ ਅਧਿਆਪਕਾਂ ਦੀ ਆਪਣੇ ਕਿੱਤੇ ਪ੍ਰਤੀ ਐਨੀ ਪ੍ਰਤੀਬੱਧਤਾ ਹੁੰਦੀ ਸੀ ਕਿ ਉਹ ਬੱਚਿਆਂ ਦੇ ਆਦਰਸ਼ ਹੁੰਦੇ ਸਨ। ਉਹ ਆਪਣੀ ਜਮਾਤ ਦੇ ਬੱਚਿਆਂ ਨੂੰ ਪੜ੍ਹਾਉਣਾ ਫਰਜ਼ ਅਤੇ ਪੁੰਨ ਦਾ ਕੰਮ ਸਮਝਦੇ ਸਨ। ਟਿਊਸ਼ਨ ਨਾਂਅ ਦੀਕੋਈ ਚੀਜ਼ ਹੀ ਨਹੀਂ ਸੀ।''

ਅਧਿਆਪਕਾ ਦਾ ਖਾਮੋਸ਼ ਚਿਹਰਾ ਕਹਿ ਰਿਹਾ ਸੀ ਕਿ ਉਸ ਨੂੰ ਬੱਚੇ ਨੂੰ ਪੜ੍ਹਾਉਣ ਲਈ ਜ਼ੋਰ ਲਾਉਣਾ ਚਾਹੀਦਾ ਹੈ। ਉਹ ਇਹ ਵਾਅਦਾ ਕਰ ਕੇ ਉਠੀ ਕਿ ਬੱਚੇ ਨੂੰ ਪੜ੍ਹਾਉਣ ਲਈ ਪੂਰਾ ਜ਼ੋਰ ਲਾਏਗੀ। ਇਸ ਪਿੱਛੋਂ ਮੈਂ ਬੱਚੇ ਨੂੰ ਬੁਲਾ ਲਿਆ। ਉਹ ਕਮਰੇ ਵਿੱਚ ਆਉਣ ਤੋਂ ਘਬਰਾ ਰਿਹਾ ਸੀ। ਮੈਂ ਉਸ ਨੂੰ ਬੜੇ ਪਿਆਰ ਨਾਲ ਅੰਗਰੇਜ਼ੀ ਅਤੇ ਹਿਸਾਬ ਬਾਰੇ ਇੱਕ ਦੋ ਪ੍ਰਸ਼ਨ ਪੁੱਛੇ। ਉਹ ਪਹਿਲਾਂ ਚੁੱਪ ਰਿਹਾ, ਪਰ ਬਾਅਦ ਵਿੱਚ ਉਹਨੇ ਪ੍ਰਸ਼ਨਾਂ ਦੇ ਜਵਾਬ ਦੇ ਦਿੱਤੇ। ਮੈਂ ਬੱਚੇ ਨੂੰ ਦੋ ਟਾਫੀਆਂ ਦੇ ਕੇ ਉਸ ਦੀ ਪਿੱਠ ਥਾਪੜੀ।ਮੈਨੂੰ ਆਪਣਾ ਮਿਸ਼ਨ ਸਫਲ ਹੁੰਦਾ ਨਜ਼ਰ ਆਇਆ। ਅਧਿਆਪਕਾ ਦੀ ਮਿਹਨਤ ਅਤੇ ਬੱਚੇ ਦੀ ਲਾਪਰਵਾਹੀ ਵਿਚਲਾ ਖਲਾਅ ਲੱਭਣ ਵਿੱਚ ਕਿਸੇ ਹੱਦ ਕਾਮਯਾਬੀ ਮਿਲ ਗਈ।

ਇਹ ਖਲਾਅ ਨਾ ਭਰਨ ਕਾਰਨ ਬੱਚੇ ਅਕਸਰ ਪੜ੍ਹਾਈ ਛੱਡ ਜਾਂਦੇ ਹਨ। ਅਧਿਆਪਕ ਖੁਸ਼ ਸੀ ਕਿ ਬੱਚੇ ਨੇ ਮੇਰੇ ਪ੍ਰਸ਼ਨਾਂ ਦਾ ਉੱਤਰ ਦੇ ਕੇ ਮੈਨੂੰ ਯਕੀਨ ਦਿਵਾ ਦਿੱਤਾ ਸੀ ਕਿ ਉਹ ਬੱਚਿਆਂ ਨੂੰ ਮਿਹਨਤ ਕਰਵਾਉਂਦੀ ਹੈ। ਫਿਰ ਵਾਰੀ ਉਸ ਅਧਿਆਪਕਾ ਦੀ ਹੌਸਲਾ ਅਫਜ਼ਾਈ ਦੀ ਸੀ। ''ਮੈਡਮ, ਤੁਸੀਂ ਵੀ ਮਿਹਨਤੀ ਹੋ ਤੇ ਬੱਚਾ ਵੀ ਨਲਾਇਕ ਨਹੀਂ, ਬੱਸ ਬੱਚੇ ਵੱਲ ਬਣਦਾ ਧਿਆਨ ਦੇਣ ਦੀ ਲੋੜ ਹੈ।''

ਕੁਝ ਦਿਨਾਂ ਬਾਅਦ ਉਹ ਮਾਈ ਮੇਰੇ ਦਫਤਰ ਹਵਾ ਦਾ ਠੰਢਾ ਬੁੱਲਾ ਲੈ ਕੇ ਆਈ, ''ਜੀ ਮੇਰਾ ਪੋਤਾ ਪੜ੍ਹਨ ਲੱਗ ਪਿਐ। ਜਦ ਤੱਕ ਸਕੂਲ ਦਾ ਕੰਮ ਨਹੀਂ ਕਰ ਲੈਂਦਾ, ਖੇਡਣ ਵੀ ਨਹੀਂ ਜਾਂਦਾ।''

# ਮਾਸਟਰ ਮੋਸ਼ਾਏ

ਬੂਟਾ ਸਿੰਘ ਵਾਕਫ਼

ਵੀਹ ਕੁ ਸਾਲ ਪਹਿਲਾਂ ਉਸ ਨੂੰ ਸਰਕਾਰੀ ਨੌਕਰੀ ਤੋਂ ਸੇਵਾਮੁਕਤ ਕਰ ਦਿੱਤਾ ਗਿਆ। ਇਹ ਗੱਲ ਉਸ ਨੂੰ ਕਿੰਨੀ ਹੀਸੋ-ਹੀਣੀ ਲੱਗਦੀ ਸੀ ਕਿ ਅਜੇ ਸਰੀਰਕ, ਬੌਧਿਕ ਤੇ ਮਾਨਸਿਕ ਪੱਖੋਂ ਰਿਸ਼ਟ ਪੁਸ਼ਟ ਹੋਣ ਦੇ ਬਾਵਜੂਦ ਉਸ ਨੂੰ ਨਕਾਰਾ ਐਲਾਨ ਦਿੱਤਾ ਗਿਆ ਸੀ। ਉਸ ਤੋਂ ਸਿਰਫ ਇਹੋ ਆਸ ਰੱਖੀ ਜਾ ਸਕਦੀ ਸੀ ਕਿ ਉਹ ਪੈਨਸ਼ਨਰ ਵਾਂਗ ਆਪਣਾ ਬਾਕੀ ਦਾ ਸਮਾਂ ਮੰਜੇ ਉੱਤੇ ਬੈਠ ਕੇ ਚਾਹ ਦੀਆਂ ਚੁਸਕੀਆਂ ਲੈਂਦਾਕੱਟੇਗਾ। ਇਹ ਉਸ ਨੂੰ ਮਨਜ਼ੂਰ ਨਹੀਂ ਸੀ। ਸੇਵਾਮੁਕਤੀ ਨੂੰ ਉਹਸੀਮਤ ਅਰਥਾਂ ਵਿੱਚ ਨਹੀਂ ਦੇਖਦਾ ਸੀ। ਉਹ ਖੁਦ ਨੂੰ ਰੋਜ਼ਾਨਾ ਦੇ ਕੰਮ ਕਾਜ ਤੋਂ ਸੇਵ-ਮੁਕਤ ਹੋਇਆ ਨਹੀਂ ਸਮਝਦਾ ਸੀ। ਅਜੇ ਵੀ ਉਸ ਅੰਦਰ ਉਹ ਜਜ਼ਬਾ, ਚਿਣਗ ਸੀ, ਜਿਹੜੀ ਸੇਵਾਮੁਕਤੀ ਵਾਲੇ ਦਿਨ ਤੋਂ ਪਹਿਲਾਂ ਹੁੰਦੀ ਸੀ।

ਜਵਾਨ ਉਮਰੇ ਪੋਸਟ ਗ੍ਰੈਜੂਏਸ਼ਨ ਪਿੱਛੋਂ ਉਸ ਨੇ ਜ਼ਿੰਦਗੀ ਦਾ ਕੋਈ ਪਲ ਬਰਬਾਦ ਕਰਨਾ ਠੀਕ ਨਹੀਂ ਸਮਝਿਆ। ਪਤਾ ਨਹੀਂ, ਇਹ ਉਸ ਦੇ ਮਨ ਮਸਤਕ ਵਿੱਚ ਰੋਸ਼ਨ ਜਜ਼ਬਿਆਂ ਦੀ ਚਿਣਗ ਸੀ ਕਿ ਆਪਣੇ ਪਿੰਡ ਦੀ ਮਿੱਟੀ ਦਾ ਮੋਹ, ਉਹ ਟੀਚਰ ਬਣ ਕੇ ਆਪਣੇ ਪਿੰਡ ਵਾਪਸ ਆ ਗਿਆ। ਪਿੰਡ ਦੇ ਸਕੂਲ ਵਿੱਚ ਸਰਕਾਰੀ ਟੀਚਰ ਭਰਤੀ ਹੋਇਆ। ਸ਼ਹਿਰ ਵਿੱਚ ਵੱਧ ਤਨਖਾਹ ਉੱਤੇ ਨੌਕਰੀ ਮਿਲਦੀ ਸੀ, ਉਸ ਨੇ ਠੁਕਰਾ ਦਿੱਤੀ। ਉਸ ਅੰਦਰ ਇੱਕੋ ਭੁੱਖ ਸੀ, ਪਿੰਡ ਦੇ ਗਰੀਬ, ਅਨਪੜ੍ਹ ਤੇ ਸਮਾਜ ਦੇ ਲਿਤਾੜੇ ਵਰਗ ਦੇ ਬੱਚਿਆਂ ਨੂੰ ਪੜ੍ਹਾ ਕੇ ਉਨ੍ਹਾਂ ਦੇ ਹਨੇਰੇ ਜੀਵਨ ਵਿੱਚ ਚਾਨਣ ਦੀ ਲੀਕ ਭਰਨਾ। ਇਹ ਉਨ੍ਹਾਂ ਪਰਵਾਰਾਂ ਦੇ ਬੱਚੇ ਸਨ, ਜਿਨ੍ਹਾਂ ਨੂੰ ਪਿੰਡ ਵਿੱਚ ਵਧੀਆ ਟੀਚਰ ਦੀ ਚਿਰੋਕਣੀ ਲੋੜ ਸੀ। ਇਹ ਉਹ ਸਮਾਂ ਸੀ ਜਦੋਂ ਹਰ ਕੋਈ ਨੌਕਰੀ ਦੀ ਤਲਾਸ਼ ਵਿੱਚ ਸ਼ਹਿਰ ਵੱਲ ਦੌੜ ਰਿਹਾ ਸੀ, ਪਰ ਉਸ ਨੂੰ ਮਾਣ ਸੀ, ਉਸ ਨੇ ਆਪਣਾ ਪਿੰਡ ਚੁਣਿਆ। ਉਸ ਨੇ ਪਿੰਡ ਦੇ ਸਕੂਲ ਵਿੱਚ ਕਰੀਬ ਚਾਲੀ ਸਾਲ ਪੜ੍ਹਾਇਆ। ਜ਼ਿੰਦਗੀ ਦਾ ਅਹਿਮ ਹਿੱਸਾ ਮਾਸੂਮਾਂ ਦੇ ਨਾਂਅ। ਸੈਂਕੜੇ ਬੱਚਿਆਂ ਦਾ ਭਵਿੱਖ ਰੋਸ਼ਨ ਕੀਤਾ। ਉਨ੍ਹਾਂ ਨੂੰ ਕਿਤਾਬਾਂ ਦੇ ਵੱਡੇ ਸੰਸਾਰ ਵੱਲ ਉਡਾਰੀ ਮਾਰਨ ਦੇ ਯੋਗ ਬਣਾਇਆ। ਵੱਡੇ ਵੱਡੇ ਅਹੁਦਿਆਂ ਉੱਤੇ ਪਹੁੰਚਾਇਆ। ਇਹ ਗੱਲ ਕਿਸੇ ਮਾਣ ਸਨਮਾਨ ਤੋਂ ਘੱਟ ਨਹੀਂ ਸੀ।

ਉਂਝ, ਜਿਸ ਦਿਨ ਤੋਂ ਉਹ ਸੇਵਾਮੁਕਤ ਹੋ ਚੁੱਕਾ ਸੀ, ਉਸ ਦੇ ਮਨ ਅੰਦਰ ਇਹ ਸਵਾਲ ਲਗਾਤਾਰ ਘੁੰਮ ਰਿਹਾ ਸੀ, 'ਅੱਗੋਂ ਮੈਂ ਕੀ ਕਰਿਆ ਕਰਾਂਗਾ?' ਇਸ ਸਵਾਲ ਦਾ ਜਵਾਬ ਉਸ ਨੂੰ ਅਗਲੇ ਕੁਝ ਦਿਨਾਂ ਵਿੱਚ ਮਿਲ ਗਿਆ। ਇੱਕ ਦਿਨ ਸੁਵਖਤੇ ਤਿੰਨ ਕਬਾਇਲੀ ਲੜਕੀਆਂ ਉਸ ਦੇ ਘਰ ਆਈਆਂ। ਉਨ੍ਹਾ ਦੱਸਿਆ ਕਿ ਉਹ 20-22 ਕਿਲੋਮੀਟਰ ਦੂਰ ਸਾਇਕਲ ਉੱਤੇ ਇੱਥੇ ਪਹੁੰਚੀਆਂ ਹਨ। ਲੜਕੀਆਂ ਸਿੱਖਣ ਲਈ ਬੇਤਾਬ ਸਨ। ਉਨ੍ਹਾਂ ਮਾਸਟਰ ਜੀ ਨੂੰ ਪੁੱਛਿਆ, ''ਤੁਸੀਂ ਸਾਨੂੰ ਪੜ੍ਹਾਓਗੇ?'' ਉਹਦੇ ਮਨ ਵਿੱਚ ਇੱਕ ਵਾਰ ਫਿਰ ਉਤਸ਼ਾਹ ਜਾਗ ਪਿਆ। ਉਸ ਨੇ ਲੜਕੀਆਂ ਨੂੰ ਕਿਹਾ, ''ਮੈਂ ਤਦੇ ਪੜ੍ਹਾਵਾਂਗਾ, ਜੇ ਤੁਸੀਂ ਮੈਨੂੰ ਸਾਲ ਭਰ ਦੀ ਫੀਸ ਇਕੱਠੀ ਦੇਵੋਗੀਆਂ।'' ਲੜਕੀਆਂ ਪਹਿਲਾਂ ਹੈਰਾਨ ਹੋਈਆਂ, ਫਿਰ ਝੱਟ ਸਹਿਮਤ ਹੋ ਗਈਆਂ। ਲੜਕੀਆਂ ਨੇ ਕਿਹਾ, ''ਅਸੀਂ ਕੁਝ ਦਿਨਾਂ ਤੱਕ ਪੈਸੇ ਦਾ ਪ੍ਰਬੰਧ ਕਰ ਲਵਾਂਗੀਆਂ।'' ਅਧਿਆਪਕ ਨੇ ਕਿਹਾ,''ਮੇਰੀ ਸਾਲ ਭਰ ਦੀ ਫੀਸ ਇੱਕ ਰੁਪਿਆ ਹੋਵੇਗੀ।'' ਲੜਕੀਆਂ ਖੁਸ਼ ਹੋ ਗਈਆਂ। ਉਨ੍ਹਾਂ ਅਧਿਆਪਕ ਨੂੰ ਇੱਕ ਰੁਪਿਆ ਦੇਣ ਦੇ ਨਾਲ ਚਾਕਲੇਟ ਦੇਣ ਦਾ ਵਾਅਦਾ ਵੀ ਕੀਤਾ।

ਅਗਲੇ ਦਿਨ ਅਧਿਆਪਕ ਆਪਣੇ ਪੁਰਾਣੇ ਸਕੂਲ ਗਿਆ। ਪੜ੍ਹਾਉਣ ਲਈ ਕਮਰੇ ਦੀ ਮੰਗ ਕੀਤੀ। ਉਸ ਨੂੰ ਜਵਾਬ ਮਿਲ ਗਿਆ। ਜਿੱਥੇ ਉਸ ਨੇ ਉਮਰ ਦੇ ਬਿਹਤਰੀਨ ਵਰ੍ਹੇ ਗੁਜ਼ਾਰੇ ਸਨ, ਉਸ ਸਕੂਲ ਦੇ ਇੱਕ ਕਮਰੇ ਉੱਤੇ ਉਸ ਦਾ ਹੱਕ ਨਹੀਂ ਰਿਹਾ। ਉਹ ਘਰ ਆ ਗਿਆ। ਵਰਾਂਡਾ ਸਾਫ ਕੀਤਾ। ਕਲਾਸ ਰੂਮ ਤਿਆਰ ਕੀਤਾ। ਇੱਕ ਰਸਤਾ ਬੰਦ ਹੋਇਆ, ਪਰ ਨਵਾਂ ਖੁੱਲ੍ਹ ਗਿਆ। ਪਹਿਲੇ ਦਿਨ ਉਸ ਦੀ ਕਲਾਸ ਵਿੱਚ ਸਿਰਫ ਉਹੀ ਤਿੰਨ ਲੜਕੀਆਂ ਸਨ, ਅੱਜਕੱਲ੍ਹ ਹਰ ਸਾਲ 350 ਤੋਂ ਵੱਧ ਵਿਦਿਆਰਥੀ ਹਨ। ਉਸ ਟੀਚਰ ਦਾ ਦਿਨ ਅੱਜ ਵੀ ਸਵੇਰੇ ਸੈਰ ਨਾਲ ਸ਼ੁਰੂ ਹੁੰਦਾ ਹੈ। ਬਾਕੀ ਸਾਰਾ ਦਿਨ ਉਹ ਪੂਰੇ ਉਤਸ਼ਾਹ ਅਤੇ ਖੁਸ਼ੀ ਨਾਲ ਵਿਦਿਆਰਥੀਆਂ ਨੂੰ ਚੰਗੇਰਾ ਭਵਿੱਖ ਤੇ ਨਰੋਆ ਸਮਾਜ ਸਿਰਜਣ ਦੇ ਸੁਫਨੇ ਵੰਡਦਾ ਹੈ। ਸੁਫਨਿਆਂ ਨੂੰ ਹਕੀਕਤ ਤੱਕ ਪਹੁੰਚਾਉਂਦਾ ਹੈ। ਉਸ ਕੋਲ ਬਹੁਤ ਸਾਰੇ ਵਿਦਿਆਰਥੀ 20 ਕਿਲੋਮੀਟਰ ਤੋਂ ਵੱਧ ਦੂਰੀ ਤੈਅ ਕਰ ਕੇ ਆਉਂਦੇ ਹਨ। ਸੈਂਕੜੇ ਘਰਾਂ ਦੇ ਹਨੇਰੇ ਵਿਹੜਿਆਂ ਅੰਦਰ ਚਾਨਣ ਦੀ ਜੋਤ ਜਗਾ ਚੁੱਕਾ ਹੈ। ਉਸ ਦਾ ਇਹ ਕਰਮ ਅੱਜ ਵੀ ਨਦੀ ਵਾਂਗ ਲਗਾਤਾਰ ਵਹਿ ਰਿਹਾ ਹੈ। ਉਸ ਦੇ ਵਿਦਿਆਰਥੀ ਪ੍ਰੋਫੈਸਰ, ਵਿਭਾਗਾਂ ਦੇ ਮੁਖੀ ਤੇ ਆਈ ਟੀ ਪੇਸ਼ਵਰ ਬਣ ਚੁੱਕੇ ਹਨ। ਉਹ ਵਿਦਿਆਰਥੀਆਂ ਤੋਂ ਫੀਸ ਦੀ ਥਾਂ ਸਿਰਫ ਚਾਕਲੇਟ ਦੀ ਮੰਗ ਕਰਦਾ ਹੈ।

2021 ਵਿੱਚ ਜਿਸ ਦਿਨ ਉਸ ਟੀਚਰ ਨੂੰ ਪਦਮਸ੍ਰੀ ਇਨਾਮ ਨਾਲ ਸਨਮਾਨਿਤ ਕੀਤਾ ਗਿਆ, ਖੁਸ਼ੀ ਦਾ ਇਹ ਦਿਨ ਪੂਰੇ ਪਿੰਡ ਨੇ ਉਸ ਨਾਲ ਮਿਲ ਕੇ ਮਨਾਇਆ। ਇਸ ਦਿਨ ਵੀ ਉਸ ਨੇ ਆਪਣੀ ਕਲਾਸ ਨਹੀਂ ਛੱਡੀ। ਪੜ੍ਹਨ-ਪੜ੍ਹਾਉਣ ਦਾ ਅਮਲ ਲਗਾਤਾਰ ਵਹਿੰਦਾ ਰਿਹਾ ਤੇ ਅੱਜ ਵੀ ਵਹਿ ਰਿਹਾ ਹੈ। ਪੱਛਮੀ ਬੰਗਾਲ ਦੇ 77 ਸਾਲਾ ਇਸ ਸੇਵਾ ਮੁਕਤ ਟੀਚਰ ਸੁਜੀਤ ਚਟੋਪਾਧਿਆਏ ਨੂੰ ਪਿੰਡ ਦੇ ਲੋਕ ਸਨਮਾਨ ਵਜੋਂ 'ਮਾਸਟਰ ਮੋਸ਼ਾਏ' ਦੇ ਨਾਂਅ ਨਾਲ ਪੁਕਾਰਦੇ ਹਨ। ਵਰਾਂਡੇ ਤੋਂ ਸ਼ੁਰੂ ਹੋਇਆ ਉਨ੍ਹਾਂ ਦਾ ਸਕੂਲ 'ਸਦਾਈ ਫਕੀਰ ਪਾਠਸ਼ਾਲਾ' ਮੁਫਤ ਕੋਚਿੰਗ ਲਈ ਮਾਨਤਾ ਪ੍ਰਾਪਤ ਸੰਸਥਾ ਹੈ।

ਮਿੰਨੀ ਕਹਾਣੀਆਂ

## ਸਭ ਤੋਂ ਸੁੰਦਰ ਕੀ ਹੈ

ਇੱਕ ਕਲਾਕਾਰ ਨੂੰ ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਦਾ ਚਿੱਤਰ ਬਣਾਉਣ ਦਾ ਮਨ ਹੋਇਆ। ਕਾਫੀ ਸੋਚ-ਵਿਚਾਰ ਕਰਨ ਤੋਂ ਬਾਅਦ ਉਸ ਦੀ ਸਮਝ ਵਿੱਚ ਨਹੀਂ ਆਇਆ ਕਿ ਆਖਰ ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਕੀ ਹੈ?ਉਹ ਧਰਮਗੁਰੂ ਕੋਲ ਗਿਆ ਅਤੇ ਬੋਲਿਆ, ''ਮਹਾਤਮਾ ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਕੀ ਹੈ?''

ਧਰਮਗੁਰੂ ਮੁਸਕਰਾ ਕੇ ਬੋਲੇ, ''ਬੇਟਾ! ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਹੈ ਸ਼ਰਧਾ। ਉਸ ਸ਼ਰਧਾ ਦਾ ਦਰਸ਼ਨ ਤੈਨੂੰ ਹਰ ਧਾਰਮਿਕ ਸਥਾਨ ਉੱਤੇ ਹੋਵੇਗਾ। ਸੰਸਾਰ ਵਿੱਚ ਇਸ ਤੋਂ ਸੁੰਦਰ ਵਸਤੂ ਹੋਰ ਕੀ ਹੋ ਸਕਦੀ ਹੈ।''

ਉਹ ਉਨ੍ਹਾਂ ਦੇ ਉੱਤਰ ਤੋਂ ਸੰਤੁਸ਼ਟ ਨਾ ਹੋਇਆ ਤੇ ਅੱਗੇ ਵਧ ਗਿਆ। ਰਾਹ ਵਿੱਚ ਇੱਕ ਨਵ-ਵਿਆਹੁਤਾ ਮਿਲੀ। ਉਸ ਨੇ ਉਸ ਤੋਂ ਪੁੱਛਿਆ ਕਿ ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਕੀ ਹੈ। ਉਹ ਬੋਲੀ, ''ਉਹ ਪ੍ਰੇਮ ਹੈ, ਪ੍ਰੇਮ ਵਿੱਚ ਗਰੀਬੀ ਵਿੱਚ ਵੀ ਖੁਸ਼ਹਾਲੀ ਪ੍ਰਤੀਤ ਹੁੰਦੀ ਹੈ। ਪ੍ਰੇਮ ਖਾਰੇ ਹੰਝੂਆਂ ਨੂੰ ਵੀ ਮਿੱਠਾ ਬਣਾ ਦਿੰਦਾ ਹੈ।''

ਇਸ ਉੱਤਰ ਤੋਂ ਵੀ ਕਲਾਕਾਰ ਸੰਤੁਸ਼ਟ ਨਾ ਹੋਇਆ। ਰਾਹ ਵਿੱਚ ਇੱਕ ਫੌਜੀ ਮਿਲਿਆ। ਉਸ ਨੇ ਉਸ ਤੋਂ ਉਹੀ ਪ੍ਰਸ਼ਨ ਦੁਹਰਾਇਆ। ਫੌਜੀ ਸ਼ਾਂਤ ਸੁਰ ਵਿੱਚ ਬੋਲਿਆ, ''ਜੰਗ ਸੰਸਾਰ ਦੀ ਸਭ ਤੋਂ ਬਦਸੂਰਤ ਵਸਤੂ ਹੈ। ਮੇਰੇ ਵਿਚਾਰ ਨਾਲਤਾਂ ਸ਼ਾਂਤੀ ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਹੈ।''

ਕਲਾਕਾਰ ਨੇ ਤਿੰਨ ਵਸਤੂਆਂ ਸਮਝ ਲਈਆਂ 'ਸ਼ਰਧਾ, ਪ੍ਰੇਮ ਅਤੇ ਸ਼ਾਂਤੀ।'ਉਹ ਘਰ ਵੱਲ ਚੱਲ ਪਿਆ। ਦਰਵਾਜ਼ੇ ਉੱਤੇ ਪਹੁੰਚਦੇ ਹੀ ਬੱਚੇ ਉਸ ਨਾਲ ਲਿਪਟ ਗਏ ਅਤੇ ਪਤਨੀ ਮੁਸਕਰਾਉਣ ਲੱਗੀ।

ਕਲਾਕਾਰ ਸੋਚਣ ਲੱਗਾ, ''ਮੈਂ ਸੰਸਾਰ ਦੀ ਜਿਸ ਸਭ ਤੋਂ ਸੁੰਦਰ ਵਸਤੂ ਦੀ ਖੋਜ ਵਿੱਚ ਨਿਕਲਿਆ ਸੀ, ਉਹ ਤਾਂ ਮੇਰੇ ਘਰ ਵਿੱਚ ਹੈ। ਬੱਚਿਆਂ ਦੀਆਂ ਅੱਖਾਂ ਵਿੱਚ ਸ਼ਰਧਾ ਹੈ। ਪਤਨੀ ਦੀਆਂ ਅੱਖਾਂ ਵਿੱਚ ਪ੍ਰੇਮ ਅਤੇ ਘਰ ਸ਼ਾਂਤੀ ਦੀ ਦਿਵਯ ਭੂਮੀ ਹੈ।'' ਉਸ ਨੇ ਸੰਸਾਰ ਦੀ ਸਭ ਤੋਂ ਸੁੰਦਰ ਵਸਤੂ ਦਾ ਚਿੱਤਰ ਤਿਆਰ ਕਰ ਕੇ ਉਸ ਦਾ ਸਿਰਲੇਖ ਦਿੱਤਾ 'ਘਰ।'

-ਪੁਸ਼ਪੇਸ਼ ਕੁਮਾਰ

*******

## ਸੋਹਣਾ ਬਿਰਧ ਆਸ਼ਰਮ

ਕਸਤੂਰੀ ਦੇ ਘਰ ਆਉਣ ਉਤੇ ਦੋਵੇਂ ਨੂੰਹ-ਪੁੱਤ ਇੱਕ ਦੂਜੇ ਨਾਲ ਇਉਂ ਲੜਨ ਲੱਗੇ, ਜਿਵੇਂ ਉਨ੍ਹਾਂ ਦੀ ਮਾਂ ਨੇ ਆਪਣੇ ਘਰ ਆ ਕੇ ਬਹੁਤ ਵੱਡੀ ਗਲਤੀ ਕਰ ਦਿੱਤੀ ਹੋਵੇ। ਉਹ ਉਨ੍ਹਾਂ ਦੋਵਾਂ ਦੀ ਰਾਤ-ਦਿਨ ਦੀ ਲੜਾਈ ਵੇਖ ਕੇ ਬੜੀ ਦੁਖੀ ਰਹਿਣ ਲੱਗੀ ਅਤੇ ਖੁਦ ਨੂੰ ਅਸਹਿਜ ਮਹਿਸੂਸ ਕਰਨ ਲੱਗੀ।ਉਹਦੇ ਗੋਡਿਆਂ ਵਿੱਚ ਬੜਾ ਦਰਦ ਹੋਣ ਦੇ ਬਾਵਜੂਦ ਉਹ ਆਪਣਾ ਸਾਰਾ ਕੰਮ ਆਪੇ ਕਰਦੀ ਤਾਂ ਕਿ ਨੂੰਹ ਉੱਤੇ ਭਾਰ ਨਾ ਪਵੇ, ਫਿਰ ਵੀ ਨੂੰਹ-ਪੁੱਤ ਦੀ ਲੜਾਈ ਖਤਮ ਨਹੀਂ ਹੋਈ, ਸਗੋਂ ਵਧ ਗਈ। ਕਸਤੂਰੀ ਆਪਣੇ ਨੂੰਹ-ਪੁੱਤ ਵਿੱਚ ਉਹਦੇ ਕਰ ਕੇ ਹੁੰਦੀ ਲੜਾਈ ਨੂੰ ਨਾ ਸਹਿਣ ਕਰ ਸਕੀ ਅਤੇ ਆਖਰ ਉਹਨੇ ਆਪਣੇ ਨੂੰਹ-ਪੁੱਤ ਨੂੰ ਸੱਦ ਕੇ ਕਿਹਾ, ''ਬੇਟਾ, ਤੂੰ ਬੁਰਾ ਨਾ ਮਨਾਈਂ। ਮੈਂ ਇੱਕ ਗੱਲ ਕਹਿਣੀ ਹੈ। ਮੈਨੂੰ ਇੱਥੇ ਘਰ ਲੈ ਕੇ ਆਇਆ, ਬੜਾ ਚੰਗਾ ਲੱਗਾ, ਪਰ ਸੱਚ ਦੱਸਾਂ, ਇਸ ਬੰਦ ਘਰ ਵਿੱਚ ਮੇਰਾ ਮਨ ਨਹੀਂ ਲੱਗਦਾ। ਮੈਨੂੰ ਮੇਰਾ ਬਿਰਧ ਆਸ਼ਰਮ ਸੋਹਣਾ ਲੱਗਦਾ ਹੈ, ਕਿਉਂਕਿ ਉਹ ਬੜਾ ਖੁੱਲ੍ਹਾ-ਖੁੱਲ੍ਹਾ ਹੈ ਅਤੇ ਉਥੇ ਰੁੱਖ, ਪੌਦੇ, ਫੁੱਲ ਵੀ ਬਹੁਤ ਹਨ, ਤਾਜ਼ੀ ਹਵਾ ਆਉਂਦੀ ਹੈ। ਉਥੇ ਮੇਰਾ ਮਨ ਲੱਗ ਜਾਂਦਾ ਹੈ ਅਤੇ ਗੱਲਬਾਤ ਕਰਨ ਲਈ ਬਹੁਤ ਸਾਰੇ ਹਮਉਮਰ ਲੋਕ ਹਨ। ਇਸ ਲਈ ਤੂੰ ਮੈਨੂੰ ਉਥੇ ਛੱਡ ਆ। ਮੈਨੂੰ ਉਥੇ ਬੜਾ ਚੰਗਾ ਲੱਗਦਾ ਹੈ।''

ਨੂੰਹ-ਪੁੱਤ ਇੱਕ-ਦੂਜੇ ਵੱਲ ਹੈਰਾਨੀ ਨਾਲ ਵੇਖਣ ਲੱਗੇ ਅਤੇ ਕਸਤੂਰੀ ਅੰਦਰੋਂ-ਅੰਦਰੀ ਰੋਣ ਲੱਗੀ। ਉਹਦਾ ਦਿਲ ਕੰਬ ਰਿਹਾ ਸੀ। ਆਪਣੇ ਘਰ ਨੂੰ ਛੱਡ ਕੇ ਜਾਣਾ ਕਿਸ ਨੂੰ ਚੰਗਾ ਲੱਗਦਾ ਹੈ, ਉਹ ਤਾਂ ਇੱਥੇ ਹੀ ਰਹਿਣਾ ਚਾਹੁੰਦੀ ਸੀ।

-ਤਾਰਾਵਤੀ ਸੈਣੀ 'ਨੀਰਜ'

## ਹਲਕਾ-ਫੁਲਕਾ

ਸੁਨੀਲ ਮੌਤ ਦੇ ਅੰਕੜੇ ਪੜ੍ਹ ਰਿਹਾ ਸੀ। ਉਸ ਨੇ ਆਪਣੀ ਪਤਨੀ ਨੂੰ ਦੱਸਿਆ, ''ਸੰਧਿਆ ਕਮਾਲ ਹੈ, ਜਦ ਮੈਂ ਇੱਕ ਸਾਹ ਛੱਡਦਾ ਹਾਂ ਤਾਂ ਇੱਕ ਆਦਮੀ ਦੀ ਮੌਤ ਹੋ ਜਾਂਦੀ ਹੈ।''

ਸੰਧਿਆ, ''ਤਦ ਤੁਸੀਂ ਕਿਸੇ ਚੰਗੇ ਟੂਥਪੇਸਟ ਦਾ ਇਸਤੇਮਾਲ ਕਿਉਂ ਨਹੀਂ ਕਰਦੇ।''

********

ਦੋ ਪਾਗਲ ਘਰ ਦੀ ਛੱਤ ਉੱਤੇ ਸੁੱਤੇ ਪਏ ਸਨ। ਅਚਾਨਕ ਮੀਂਹ ਪੈਣ ਲੱਗਾ।

ਪਹਿਲਾ ਬੋਲਿਆ, ''ਚੱਲ ਅੰਦਰ ਚਲਦੇ ਹਾਂ। ਅਸਮਾਨ ਵਿੱਚ ਛੇਕ ਹੋ ਗਿਆ ਹੈ।'' ਇੰਨੇ ਵਿੱਚ ਬਿਜਲੀ ਕੜਕੀ।

ਦੂਸਰਾ ਬੋਲਿਆ, ''ਚੁੱਪਚਾਪ ਸੌਂ ਜਾ, ਵੈਲਡਿੰਗ ਵਾਲੇ ਆ ਗਏ ਹਨ।''

********

# ਅਫਸਰਾਂ ਦੇ ਘਰਾਂ ਵਿੱਚ ਲਾਏ ਗਏ ਪ੍ਰਾਈਵੇਟ ਸਹਾਇਕਾਂ ਦਾ ਭੇਤ ਨਹੀਂ ਖੁੱਲ੍ਹ ਰਿਹਾ

*** ਸਰਕਾਰੀ ਖਜ਼ਾਨੇ ਨੂੰ ਸਾਲਾਨਾ ਕਰੋੜਾਂ ਦਾ ਚੂਨਾ ਲੱਗੀ ਜਾਂਦੈ**



ਚੰਡੀਗੜ੍ਹ, 6 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਆਈ ਏ ਐਸ ਅਫਸਰ ਆਪੋ ਆਪਣੇ ਘਰਾਂ ਵਿੱਚ ਰੱਖੇ ਪ੍ਰਾਈਵੇਟ ਸਹਾਇਕਾਂ ਦਾ ਭੇਤ ਨਹੀਂ ਖੋਲ੍ਹ ਰਹੇ, ਜਦ ਕਿ ਪੰਜਾਬ ਸਰਕਾਰ ਦੇ ਖਜ਼ਾਨੇ ਤੋਂ ਉਨ੍ਹਾਂ ਨੂੰ ਕਰੋੜਾਂ ਰੁਪਏ ਸਾਲਾਨਾ ਤਨਖਾਹ ਦਿੱਤੀ ਜਾ ਰਹੀ ਹੈ। ਕਰੀਬ ਢਾਈ ਸਾਲਾਂ ਤੋਂ ਇਹ ਵਰਤਾਰਾ ਜਾਰੀ ਹੈ।

ਅਸਲ ਵਿੱਚ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ ਤਾਂ ਜਨਵਰੀ 2020 ਵਿੱਚ ਚੰਡੀਗੜ੍ਹ ਵਿਚਲੇ ਆਈ ਏ ਐਸ ਅਫਸਰਾਂ ਨੂੰ ਆਪੋ ਆਪਣੇ ਘਰਾਂ ਵਿੱਚ ਪ੍ਰਾਈਵੇਟ ਸਹਾਇਕ ਰੱਖਣ ਲਈ ਪ੍ਰਤੀ ਮਹੀਨਾ 15 ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ ਗਿਆ ਸੀ। ਦਿਲਚਸਪ ਗੱਲ ਹੈ ਕਿ 'ਐਟ ਹੋਮ ਸਹਾਇਕ' ਰੱਖਣ ਲਈ ਨਾ ਕੋਈ ਸ਼ਰਤਾਂ ਰੱਖੀਆਂ ਗਈਆਂ ਅਤੇ ਨਾ ਯੋਗਤਾ ਤੈਅ ਕੀਤੀ ਗਈ। ਕੋਈ ਵੀ ਅਫਸਰ ਹਰ ਮਹੀਨੇ ਪ੍ਰਾਈਵੇਟ ਸਹਾਇਕ ਦੀ ਵਸੂਲੀ ਜਾਣ ਵਾਲੀ ਤਨਖਾਹ ਲਈ ਲਿਖਤੀ ਰੂਪ ਵਿੱਚ ਇਹ ਕਿਤੇ ਜ਼ਿਕਰ ਨਹੀਂ ਕਰਦਾ ਕਿ ਪ੍ਰਾਈਵੇਟ ਸਹਾਇਕ ਦਾ ਕੀ ਨਾਂਅ ਹੈ ਤੇ ਉਸ ਦਾ ਪਤਾ ਟਿਕ-ਾਣਾ ਕੀ ਹੈ। ਸਿਰਫ ਪ੍ਰਾਈਵੇਟ ਸਹਾਇਕ ਲਿਖ ਕੇ ਤਨਖਾਹ ਲਈ ਜਾਂਦੀ ਹੈ। ਵਿੱਤ ਵਿਭਾਗ ਪੰਜਾਬ ਨੇ ਚੰਡੀਗੜ੍ਹ ਵਿਚਲੇ ਆਈ ਏ ਐਸ ਅਫਸਰਾਂ ਨੂੰ ਪ੍ਰਤੀ ਮਹੀਨਾ 15 ਹਜ਼ਾਰ ਰੁਪਏ ਦੇਣ ਦੀ ਬਾਕਾਇਦਾ ਪ੍ਰਵਾਨਗੀ ਦਿੱਤੀ ਹੈ। ਬਾਅਦ ਵਿੱਚ ਇਹ ਤਨਖਾਹ ਵੱਧ ਕੇ 18,471 ਰੁਪਏ ਪ੍ਰਤੀ ਮਹੀਨਾ ਹੋ ਗਈ ਹੈ। ਸਿਵਲ ਸੈਕਟਰੀਏਟ ਵਿਚਲੇ 25 ਆਈ ਏ ਐਸ ਅਫਸਰਾਂ ਨੇ ਪ੍ਰਾਈਵੇਟ ਸਹਾਇਕ ਰੱਖੇ ਹੋਏ ਹਨ। ਜਿਹੜੇ ਅਧਿਕਾਰੀ ਕਿਸੇ ਮਹਿਕਮੇ ਜਾਂ ਬੋਰਡ ਵਿੱਚ ਤੈਨਾਤ ਹਨ, ਉਨ੍ਹਾਂ ਦੇ ਪ੍ਰਾਈਵੇਟ ਸਹਾਇਕਾਂ ਦਾ ਵਿੱਤੀ ਬੋਝ ਉਹ ਕਾਰਪੋਰੇਸ਼ਨ ਜਾਂ ਮਹਿਕਮਾ ਚੁੱਕਦਾ ਹੈ। ਪੰਜਾਬ ਵਿੱਚ ਕਰੀਬ 190 ਆਈ ਏ ਐਸ ਅਧਿਕਾਰੀ ਹਨ ਜਿਨ੍ਹਾਂ ਵਿੱਚੋਂ ਸੱਤਰ ਤੋਂ ਵੱਧ ਆਈ ਏ ਐਸ ਅਫਸਰ ਚੰਡੀਗੜ੍ਹ ਵਿੱਚ ਤੈਨਾਤ ਹਨ।

ਦੂਜੇ ਪਾਸੇ ਪੰਜਾਬ ਵਿੱਚ ਤੈਨਾਤ ਆਈ ਏ ਐਸ ਅਫਸਰਾਂ ਨੇ ਵੀ ਪ੍ਰਾਈਵੇਟ ਸਹਾਇਕ ਰੱਖਣ ਦੀ ਮੰਗ ਉਠਾਉਣੀ ਸ਼ੁਰੂ ਕਰ ਦਿੱਤੀ ਹੈ। ਆਮ ਆਦਮੀ ਪਾਰਟੀ ਸਰਕਾਰ ਨੇ ਇਸ ਬਾਰੇ ਹਾਲੇ ਕੋਈ ਫੈਸਲਾ ਨਹੀਂ ਲਿਆ ਹੈ। ਪੰਜਾਬ ਵਿਚਲੇ ਅਧਿਕਾਰੀ ਤਰਕ ਦਿੰਦੇ ਹਨ ਕਿ ਐਟ ਹੋਮ ਸਹਾਇਕ ਦੀ ਸਹੂਲਤ ਉਨ੍ਹਾਂ ਨੂੰ ਵੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਨੂੰ ਫੀਲਡ ਵਿੱਚ ਦਿਨ ਰਾਤ ਕੰਮ ਕਰਨਾ ਪੈਂਦਾ ਹੈ ਅਤੇ ਦਫਤਰੀ ਸਮੇਂ ਤੋਂ ਮਗਰੋਂ ਵੀ ਬਹੁਤ ਸਾਰੇ ਕੰਮ ਨਿਪਟਾਉਣੇ ਪੈਂਦੇ ਹਨ।

# ਜ਼ਹਿਰੀਲੀ ਦਵਾਈ ਪੀ ਕੇ ਨੌਜਵਾਨ ਵੱਲੋਂ ਆਤਮਹੱਤਿਆ



ਕਾਦੀਆਂ, 6 ਜੁਲਾਈ (ਪੋਸਟ ਬਿਊਰੋ)- ਹਰਚੋਵਾਲ-ਕਾਦੀਆਂ ਰੋਡ ਉੱਤੇ ਇੱਕ ਨੌਜਵਾਨ ਨੇ ਜ਼ਹਿਰੀਲੀ ਦਵਾਈ ਪੀ ਕੇ ਆਤਮਹ-ੱਤਿਆ ਕਰ ਲਈ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਮਿਲੀ ਜਾਣਕਾਰੀ ਦੇ ਮੁਤਾਬਕ ਮਨਜੀਤ ਸਿੰਘ (42) ਪੁੱਤਰ ਦਰਸ਼ਨ ਸਿੰਘ ਪਿੰਡ ਧੰਦੋਈ ਛੋਟਾ ਹਾਥੀ ਚਲਾਉਂਦਾ ਸੀ। ਕੱਲ੍ਹ ਜਦੋਂ ਪਿੰਡ ਨੰਗਲ ਬਾਗਬਾਨਾ ਕੋਲ ਐਸ ਆਰ ਪੈਟਰੋਲ ਪੰਪ ਕੋਲ ਪਹੁੰਚਿਆ ਤਾਂਉਸ ਨੇ ਆਪਣਾ ਛੋਟਾ ਹਾਥੀ ਸੜਕ ਕਿਨਾਰੇ ਖੜ੍ਹਾ ਕਰ ਦਿੱਤਾ ਤੇ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲਈ। ਪੁਲਸ ਨੂੰ ਜਾਣਕਾਰੀ ਮਿਲੀ ਤਾਂ ਉਹ ਮੌਕੇ ਉੱਤੇ ਪਹੁੰਚ ਗਈ। ਮ੍ਰਿਤਕ ਦੀ ਜੇਬਤੋਂ ਪੁਲਸ ਨੂੰ ਇੱਕ ਸੁਸਾਈਡ ਨੋਟ ਵੀ ਮਿਲਿਆ ਹੈ। ਐਸ ਐਚ ਓ ਸੁਖਰਾਜ ਸਿੰਘ ਨੇ ਦੱਸਿਆ ਕਿ ਲਾਸ਼ ਕੋਲੋਂ ਇੱਕ ਸਲਫਾਸ ਦੀ ਡੱਬੀ ਤੇ ਸੁਸਾਈਡ ਨੋਟ ਮਿਲਿਆ ਹੈ ਜਿਸ ਵਿੱਚ ਉਸ ਨੇ ਆਪਣੀ ਸਾਬਕਾ ਪਤਨੀ, ਉਸ ਦੇ ਸਾਂਢੂ ਤੇ ਉਸ ਦੀ ਬੇਟੀ ਨੂੰ ਆਪਣੀ ਮੌਤ ਦਾ ਜ਼ਿੰਮੇਵਾਰ ਦੱਸਿਆ ਹੈ।

# ਧਰਮਸੌਤ ਵਿਰੁੱਧ ਨਵੀਂ ਸ਼ਿਕਾਇਤ ਚੋਣ ਕਮਿਸ਼ਨ ਕੋਲ ਗਈ, ਜਾਇਦਾਦ ਲੁਕਾਉਣ ਦਾ ਦੋਸ਼

ਚੰਡੀਗੜ੍ਹ, 6 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਦੀਆਂ ਮੁਸ਼ਕਲਾਂ ਵਧੀ ਜਾਂਦੀਆਂ ਹਨ। ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਗ੍ਰਿਫਤਾਰ ਸਾਧੂ ਸਿੰਘ ਧਰਮਸੋਤ ਖਿਲਾਫ ਜਨ ਪ੍ਰਤੀਨਿਧ ਐਕਟ ਤਹਿਤ ਕਾਰਵਾਈ ਦੀ ਤਲਵਾਰ ਲਟਕ ਗਈ ਹੈ। ਨਵੀਂ ਔਕੜ ਧਰਮਸੋਤ ਖਿਲਾਫ ਚੱਲ ਰਹੀ ਵਿਜੀਲੈਂਸ ਜਾਂਚ ਦੌਰਾਨ ਮਿਲੇਨਵੇਂ ਤੱਥਾਂ ਦੇ ਆਧਾਰ ਉੱਤੇ ਵਿਜੀਲੈਂਸ ਬਿਊਰੋ ਵੱਲੋਂ ਚੋਣ ਕਮਿਸ਼ਨ ਨੂੰ ਭੇਜੀ ਚਿੱਠੀ ਕਾਰਨ ਬਣੀ ਹੈ।

ਚੋਣ ਕਮਿਸ਼ਨ ਦੇ ਸੂਤਰਾਂ ਅਨਸੁਾਰ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਚੋਣ ਕਮਿਸ਼ਨ ਨੂੰ ਭੇਜੀ ਚਿੱਠੀ ਵਿੱਚ ਕਿਹਾ ਗਿਆ ਹੈ ਕਿ ਜਾਂਚ ਵਿੱਚ ਪਤਾ ਲੱਗਾ ਹੈ ਕਿ ਸਾਧੂ ਸਿੰਘ ਦੀ ਪਤਨੀ ਸ਼ੀਲਾ ਦੇਵੀ ਦੇ ਨਾਮ ਧਰਮਸੋਤ ਨੇ ਚੰਡੀਗੜ੍ਹ ਨੇੜਲੇ ਮੋਹਾਲੀ ਦੇ ਸੈਕਟਰ 80 ਵਿੱਚ 500 ਵਰਗ ਗਜ਼ ਦਾ ਰਿਹਾਇਸ਼ੀ ਪਲਾਟ ਨੰਬਰ 27 ਮਈ 2021 ਵਿੱਚ ਖਰੀਦਿਆ ਸੀ ਤੇ ਗਮਾਡਾ (ਗਰੇਟਰ ਮੁਹਾਲੀ ਡਿਵੈਲਪਮੈਂਟ



ਅਥਾਰਟੀ) ਦੇ ਰਿਕਾਰਡ ਅਨੁਸਾਰ ਇਹ ਪਲਾਟ ਨੌਂ ਜੂਨ 2021 ਨੂੰ ਧਰਮਸੋਤ ਦੀ ਪਤਨੀ ਸ਼ੀਲਾ ਦੇਵੀ ਦੇ ਨਾਂਅ ਕੀਤਾ ਗਿਆ ਸੀ। ਸ਼ੀਲਾ ਦੇਵੀ ਨੇ ਦੋ ਮਾਰਚ 2022 ਨੂੰ ਇੱਕ ਅਰਜ਼ੀ ਨਾਲ ਰਾਜ ਕੁਮਾਰ ਅਤੇ ਕਸ਼ਮੀਰ ਸਿੰਘ ਦੇ ਨਾਂਅ ਉੱਤੇ ਗਮਾਡਾ ਨੂੰ ਇਹ ਪੰਜ ਸੌ ਵਰਗ ਗਜ਼ ਦਾ ਪਲਾਟ ਟਰਾਂਸਫਰ ਕਰਨ ਦੀ ਮੰਗ ਕੀਤੀ ਸੀ।ਚਿੱਠੀ ਵਿੱਚ ਕਿਹਾ ਗਿਆ ਹੈ ਕਿ ਸਾਧੂ ਸਿੰਘ ਧਰਮਸੋਤ ਨੇ 31 ਜਨਵਰੀ 2022 ਨੂੰ ਨਾਭਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਲਈ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ ਸੀ ਅਤੇ ਇਸ ਨਾਲ ਨੱਥੀ ਕੀਤੇ ਐਫੀਡੇਵਿਟ ਵਿੱਚ ਦਿੱਤੀ ਜਾਣਕਾਰੀ ਵਿੱਚ ਉਨ੍ਹਾਂ ਕੋਲ ਮੌਜੂਦ ਜਾਇਦਾਦ ਦੱਸੀ ਗਈ ਹੈ, ਪਰ ਉਕਤ ਪੰਜ ਸੌ ਵਰਗ ਗਜ਼ ਦੇ ਪਲਾਟ ਜ਼ਿਕਰ ਨਹੀਂ ਕੀਤਾ ਗਿਆ, ਜੋ ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 125 ਏ ਹੇਠ ਅਪਰਾਧ ਹੈ। ਵਿਜੀਲੈਂਸ ਬਿਊਰੋ ਨੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਹੈ ਕਿ ਮੁਲਜ਼ਮਾਂ ਖਿਲਾਫ ਜਨ ਪ੍ਰਤੀਨਿਧ ਐਕਟ ਤਹਿਤ ਕਾਰਵਾਈ ਕੀਤੀ ਜਾਵੇ।

# ਵਿਰਸਾ ਸਿੰਘ ਵਲਟੋਹਾ ਨੇ ਅਕਾਲ ਤਖਤ ਤੋਂ ਲੱਗੀ ਤਨਖਾਹ ਭੁਗਤਣ ਦੀ ਪੇਸ਼ਕਸ਼ ਕੀਤੀ



ਅੰਮ੍ਰਿਤਸਰ, 6 ਜੁਲਾਈ (ਪੋਸਟ ਬਿਊਰੋ)- ਸਾਬਕਾ ਅਕਾਲੀ ਮੰਤਰੀ ਵਿਰਸਾ ਸਿੰਘ ਵਲਟੋਹਾ ਨੇ ਅਕਾਲ ਤਖਤ ਸਾਹਿਬ ਦੇ ਸੈਕਟਰੀਏਟ ਵਿਖੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਿੱਜੀ ਸਹਾਇਕ ਨੂੰ ਚਿੱਠੀ ਦੇ ਕੇ ਇੱਕ ਤਨਖਾਹੀਆ ਕਰਾਰ ਦਿੱਤੇ ਅਖਬਾਰ ਦੇ ਸੰਪਾਦਕ ਨੂੰ ਸਮੇਂ-ਸਮੇਂ ਉਤੇ ਚੈਨਲ ਵਿੱਚ ਇੰਟਰਵਿਊ ਦੇਣ ਅਤੇ ਖਬਰਾਂ ਛਪਵਾਉਣ ਸਬੰਧੀ ਸਜ਼ਾ ਲਵਾਉਣ ਲਈ ਬੇਨਤੀ ਪੱਤਰ ਸੌਂਪਿਆ ਅਤੇ ਤਨਖਾਹ ਲਵਾਉਣ ਦੀ ਪੇਸ਼ਕਸ਼ ਕੀਤੀ ਹੈ।


ਇਸ ਬੇਨਤੀ ਪੱਤਰ ਵਿੱਚ ਵਿਰਸਾ ਸਿੰਘ ਵਲਟੋਹਾ ਨੇ ਲਿਖਿਆ ਹੈ ਕਿ ਮੇਰੇ ਤੋਂ ਜਾਣੇ ਅਣਜਾਣੇ ਵਿੱਚ ਸ੍ਰੀ ਅਕਾਲ ਤਖਤ ਦੇ ਹੁਕਮ-ਨਾਮੇ ਦੀ ਉਲੰਘਣਾ ਹੋਣ ਕਾਰਨ ਮੇਰੇ ਮਨ ਉੱਤੇ ਬੋਝ ਹੈ, ਮੈਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤਖਤ ਤੋਂ ਹੋਏ ਹੁਕਮਨਾਮੇ ਦੀ ਉਲੰਘਣਾ ਹੋਣ ਕਾਰਨ ਪਸ਼ਚਾਤਾਪ ਕਰਨਾ ਚਾਹੁੰਦਾ ਹਾਂ। ਉਨ੍ਹਾਂ ਕਿਹਾ ਕਿ ਪੰਜ ਫਰਵਰੀ 2004 ਨੂੰ ਓਦੋਂ ਦੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਤੇ ਬਾਕੀ ਚਾਰ ਸਿੰਘ ਸਾਹਿਬਾਨ ਨੇ ਉਕਤ ਅਦਾਰੇ ਦੇ ਮੁਖੀ ਤੇ ਸੰਪਾਦਕ ਨੂੰ ਸਿੱਖੀ ਸਿਧਾਂਤਾਂ, ਸਿੱਖ ਇਤਿਹਾਸ, ਸਿੱਖ ਰਹਿਤ ਮਰਿਆਦਾ ਸਿੱਖ ਪਰੰਪਰਾਵਾਂ ਤੇ ਸਿੱਖ ਸੰਸਥਾਵਾਂ ਨਾਲ ਸਬੰਧਤ ਮਹੱਤਵ ਪੂਰਨ ਵਿਸ਼ਿਆਂ ਅਤੇ ਅਠਾਰ੍ਹਵੀਂ ਸਦੀ ਦੇ ਗੌਰਵਮਈ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ ਬਾਰੇ ਗੁੰਮਰਾਹਕੁੰਨ ਲਿਖਤਾਂ ਛਾਪਣ ਕਰ ਕੇ ਤਨਖਾਹੀਆਂ ਕਰਾਰ ਦਿੱਤਾ ਸੀ। ਇਸ ਲਈ ਨਾ ਉਹ ਸੰਪਾਦਕ ਅਕਾਲ ਤਖਤ ਸਾਹਿਬ ਉੱਤੇ ਪੇਸ਼ ਹੋਇਆ ਤੇ ਨਾ ਉਸ ਨੇ ਭੁੱਲਾਂ ਦੀ ਖਿਮਾ ਯਾਚਨਾ ਕੀਤੀ, ਜਦੋਂ ਕਿ 10 ਮਾਰਚ 2004 ਨੂੰ ਸ੍ਰੀ ਅਕਾਲ ਤਖਤ ਨੇ ਉਸ ਸੰਪਾਦਕ ਨੂੰ ਸਿੱਖ ਪੰਥ ਤੋਂ ਕੱਢਣ ਦਾ ਹੁਕਮ-ਨਾਮਾ ਵੀ ਜਾਰੀ ਕਰ ਦਿੱਤਾ ਸੀ।ਉਨ੍ਹਾਂ ਕਿਹਾ ਕਿ ਮੈਂ ਉਸ ਸੰਪਾਦਕ ਦੀ ਅਖਬਾਰ ਤੇ ਚੈਨਲ ਵਿੱਚ ਇੰਟਰਵਿਊ ਦੇ ਨਾਲ-ਨਾਲ ਆਪਣੇ ਬਿਆਨ ਵੀ ਦਿੰਦਾ ਰਿਹਾ ਹਾਂ। ਇਸ ਲਈ ਮੇਰੇ ਵੱਲੋਂ ਹੋਈ ਅਵੱਗਿਆ ਦੇ ਪਸ਼ਚਾਤਾਪ ਲਈ ਸ੍ਰੀ ਅਕਾਲ ਤਖਤ ਸਾਹਿਬ ਧਾਰਮਿਕ ਰਹੁ ਰੀਤਾਂ ਮੁਤਾਬਕ ਕਾਰਵਾਈ ਕੀਤੀ ਜਾਵੇ। ਇਸ ਚਿੱਠੀ ਬਾਰੇ ਕਈ ਤਰ੍ਹਾਂ ਦੀ ਚਰਚਾ ਹੈ।

# ਕਰੰਟ ਲੱਗਣ ਕਾਰਨ ਪਿਓ-ਪੁੱਤਰ ਦੀ ਮੌਤ



ਸੰਗਰੂਰ, 6 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਦੀ ਸ਼ਿਵਮ ਕਾਲੋਨੀ ਵਿੱਚ ਕੱਲ੍ਹ ਪੰਜਾਬ ਪੁਲਸ ਦੇ ਸਹਾਇਕ ਸਬ ਇੰਸਪੈਕਟਰ (ਏ ਐਸ ਆਈ) ਅਤੇ ਉਸ ਦੇ ਨੌਜਵਾਨ ਪੁੱਤਰ ਦੀ ਕਰੰਟ ਲੱਗਣ ਕਾਰਨ ਮੌਤ ਹੋ ਗਈ।

ਏ ਐਸ ਆਈ ਹੇਮ ਰਾਜ ਸ਼ਰਮਾ ਸਿਟੀ ਟਰੈਫਿਕ ਪੁਲਸ ਵਿੱਚ ਤੈਨਾਤ ਸੀ ਤੇ ਸ਼ਿਵਮ ਕਾਲੋਨੀ ਵਿੱਚ ਰਹਿੰਦਾ ਸੀ। ਕੱਲ੍ਹ ਸਵੇਰੇ ਕਰੀਬ ਸੱਤ ਵਜੇ ਘਰ ਉਸ ਦਾ ਪੁੱਤਰ ਜਸਵਿੰਦਰ ਸ਼ਰਮਾ ਪਸ਼ੂ ਨਹਾ ਰਿਹਾ ਸੀ। ਉਨ੍ਹਾਂ ਵੱਛੀ ਟੋਕੇ ਵਾਲੀ ਮਸ਼ੀਨ ਨਾਲ ਬੰਨ੍ਹੀ ਹੋਈ ਸੀ ਜਿਸ ਉਤੇ ਬਿਜਲੀ ਦੀ ਮੋਟਰ ਫਿੱਟ ਕੀਤੀ ਹੋਈ ਸੀ। ਵੱਛੀ ਵੱਲੋਂ ਸੰਗਲ ਖਿੱਚੇ ਜਾਣ ਕਾਰਨ ਬਿਜਲੀ ਦੀ ਮੋਟਰ ਦੀ ਤਾਰ ਲੋਹੇ ਦੀ ਮਸ਼ੀਨ ਨਾਲ ਟਕਰਾ ਗਈ ਅਤੇ ਮਸ਼ੀਨ ਵਿੱਚ ਕਰੰਟ ਆ ਗਿਆ, ਜਿਸ ਨੇ ਵੱਛੀ ਨੂੰ ਲਪੇਟ ਵਿੱਚ ਲੈ ਲਿਆ। ਜਦੋਂ ਜਸਵਿੰਦਰ ਸ਼ਰਮਾ (22) ਵੱਛੀ ਨੂੰ ਚੁੱਕਣ ਲੱਗਾ ਤਾਂ ਉਸ ਨੂੰ ਕਰੰਟ ਲੱਗ ਗਿਆ। ਆਪਣੇ ਪੁੱਤਰ ਨੂੰ ਬਚਾਉਣ ਲਈ ਲਾਗੇ ਆਇਆ ਹੇਮ ਰਾਜ ਸ਼ਰਮਾ (52) ਵੀ ਬਿਜਲੀ ਕਰੰਟ ਨਾਲ ਜੁੜ ਗਿਆ। ਲੋਕਾਂ ਨੇ ਦੋਵਾਂ ਨੂੰ ਸਿਵਲ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਸਰਪੰਚ ਜਸਵੀਰ ਸਿੰਘ ਜੱਸੀ ਨੇ ਦੱਸਿਆ ਕਿ ਕਰੀਬ ਸਵਾ ਕੁ ਮਹੀਨਾ ਪਹਿਲਾਂ ਹੇਮ ਰਾਜ ਸ਼ਰਮਾ ਨੇ ਆਪਣੀ ਧੀ ਦਾ ਵਿਆਹ ਕੀਤਾ ਸੀ। ਕਰੀਬ ਵੀਹ ਕੁ ਦਿਨ ਪਹਿਲਾਂ ਇਸ ਨੇ ਆਪਣੇ ਪੁੱਤਰ ਨੂੰ ਪੜ੍ਹਾਈ ਲਈ ਵਿਦੇਸ਼ ਭੇਜਿਆ ਹੈ।






## ਕੇਰਲ ਦੇ ਮੰਤਰੀ ਦਾ ਸੰਵਿਧਾਨ ਵਿਰੋਧੀ ਬਿਆਨ ਆਇਆ



ਪਥਨਮਥਿੱਟਾ (ਕੇਰਲ), 6 ਜੁਲਾਈ (ਪੋਸਟ ਬਿਊਰੋ)- ਕੇਰਲ ਦੇ ਮੰਤਰੀ ਸਾਜੀ ਚੇਰੀਅਨ ਨੇ ਦੇਸ਼ ਦੇ ਸੰਵਿਧਾਨ ਉੱਤੇ ਸਵਾਲ ਖੜ੍ਹੇ ਕੀਤੇ ਹਨ। ਸੰਵਿਧਾਨ ਦੀ ਆਲੋਚ-ਨਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ 'ਸ਼ੋਸ਼ਣ ਕਰਨ ਵਾਲਿਆਂ ਨੂੰ ਮੁਆਫ ਕਰ ਦਿੰਦਾ ਹੈ।' ਇਹ ਏਦਾਂ ਲਿਖਿਆ ਗਿਆ ਹੈ ਕਿ ਦੇਸ਼ ਦੇ ਵੱਧ ਤੋਂ ਵੱਧ ਲੋਕਾਂ ਨੂੰ ਲੁੱਟਿਆ ਜਾ ਸਕੇ।

ਇਸ ਬਿਆਨ ਬਾਰੇ ਉਕਤ ਮੰਤਰੀ ਇਸ ਨਾਲ ਮੁੱਖ ਵਿਰੋਧੀ ਧਿਰ ਕਾਂਗਰਸ ਸਮੇਤ ਵੱਖ-ਵੱਖ ਵਰਗਾਂ ਦੇ ਨਿਸ਼ਾਨੇ ਉੱਤੇ ਆ ਗਏ ਹਨ। ਭਾਜਪਾ ਨੇ ਮੰਤਰੀ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ ਹੈ। ਇਸ ਦੇ ਨਾਲ ਕੇਰਲ ਦੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵੀ ਡੀ ਸਤੀਸਨ ਨੇ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ।

ਅਲਾਪੁੱਝਾ ਜ਼ਿਲ੍ਹੇ ਦੇ ਚੇਂਗਨੂਰ ਵਿਧਾਨ ਸਭਾ ਹਲਕੇ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਚੇਰੀਅਨ ਕੇਰਲ ਸਰਕਾਰ ਵਿੱਚ ਸਭਿਆਚਾਰ ਅਤੇ ਮੱਛੀ ਪਾਲਣ ਬਾਰੇ ਮੰਤਰੀ ਹਨ। ਉਨ੍ਹਾਂ ਇਹ ਬਿਆਨ ਪਿੱਛੇ ਜਿਹੇ ਦੱਖਣੀ ਜ਼ਿਲ੍ਹੇ ਦੇ ਮੱਲਾਪੱਲੀ ਵਿੱਚ ਇੱਕ ਸਿਆਸੀ ਸਮਾਗਮ ਵਿੱਚ ਦਿੱਤਾ। ਖੇਤਰੀ ਟੈਲੀਵਿਜ਼ਨ ਚੈਨਲਾਂ ਨੇ ਕੱਲ੍ਹ ਭਾਸ਼ਣ ਪ੍ਰਸਾਰਤ ਕੀਤਾ ਤਾਂ ਇਹ ਮੁੱਦਾ ਗਰਮ ਹੋ ਗਿਆ।ਚੇਰੀਅਨ ਨੇ ਪ੍ਰੋਗਰਾਮ ਵਿੱਚ ਕਿਹਾ, ''ਸ਼ੋਸ਼ਣ ਮਨੁੱਖਤਾ ਦੇ ਸ਼ੁਰੂਆਤ ਤੋਂ ਹੈ। ਮੌਜੂਦਾ ਸਮੇਂ ਅਮੀਰ ਲੋਕ ਦੁਨੀਆ ਉਤੇ ਜਿੱਤ ਹਾਸਲ ਕਰ ਰਹੇ ਹਨ। ਇਹ ਬਿਲਕੁੱਲ ਸੁਭਾਵਕ ਹੈ ਕਿ ਸਰਕਾਰੀ ਤੰਤਰ ਇਸ ਕਾਰਵਾਈ ਦੇ ਹੱਕ ਵਿੱਚ ਹੋਵੇਗਾ। ਹਰ ਕੋਈ ਕਹੇਗਾ ਕਿ ਸਾਡੇ ਕੋਲ ਵਧੀਆ ਲਿਖਿਆ ਸੰਵਿਧਾਨ ਹੈ, ਪਰ ਮੈਂ ਕਹਾਂਗਾ ਕਿ ਦੇਸ਼ ਦਾ ਸੰਵਿਧਾਨ ਏਦਾਂ ਲਿਖਿਆ ਹੈ ਕਿ ਵੱਧ ਤੋਂ ਵੱਧ ਲੋਕਾਂ ਨੂੰ ਲੁੱਟਿਆ ਜਾ ਸਕੇ। ਚੇਰੀਅਨ ਨੇ ਕਿਹਾ ਕਿ ਭਾਰਤੀਆਂ ਨੇ ਉਹੀ ਲਿਖਿਆ ਹੈ, ਜੋ ਅੰਗਰੇਜ਼ਾਂ ਨੇ ਬਣਾਇਆ ਸੀ। ਇਹ ਪਿਛਲੇ 75 ਸਾਲਾਂ ਤੋਂ ਲਾਗੂ ਹੈ। ਉਨ੍ਹਾਂ ਕਿਹਾ, ''ਮੈਂ ਤਾਂ ਕਹਾਂਗਾ ਕਿ ਦੇਸ਼ ਦੀ ਜਨਤਾ ਨੂੰ ਲੁੱਟਣ ਵਾਲਾ ਇਹ ਸੁੰਦਰ ਸੰਵਿਧਾਨ ਹੈ। ਸੰਵਿਧਾਨ ਵਿੱਚ ਭਾਵੇਂ ਲੋਕਤੰਤਰ ਅਤੇ ਧਰਮ ਨਿਰਪੱਖਤਾ ਵਰਗੀਆਂ ਕੁਝ ਚੰਗੀਆਂ ਗੱਲਾਂ ਹਨ, ਪਰ ਇਸ ਦਾ ਮਕਸਦ ਆਮ ਆਦਮੀ ਦਾ ਸ਼ੋਸ਼ਣ ਕਰਨਾ ਹੈ।''

## ਰਾਹੁਲ ਗਾਂਧੀ ਦੇ ਫਰਜ਼ੀ ਵੀਡੀਓ ਕਾਰਨ ਦੋ ਰਾਜਾਂ ਦੀ ਪੁਲਸ ਆਹਮੋ-ਸਾਹਮਣੇ

ਨਵੀਂ ਦਿੱਲੀ, 6 ਜੁਲਾਈ (ਪੋਸਟ ਬਿਊਰੋ)- ਕਾਂਗਰਸੀ ਨੇਤਾ ਰਾਹੁਲ ਗਾਂਧੀ ਬਾਰੇ ਫਰਜ਼ੀ ਖਬਰਾਂ ਚਲਾਉਣ ਦੇ ਦੋਸ਼ ਵਿੱਚ ਨੋਇਡਾ ਪੁਲਸ ਨੇ ਜ਼ੀ ਨਿਊਜ਼ ਦੇ ਐਂਕਰ ਰੋਹਿਤ ਰੰਜਨ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਫਿਰ ਜ਼ਮਾਨਤ ਉੱਤੇ ਛੱਡ ਦਿੱਤਾ। ਇਸ ਗ੍ਰਿਫਤਾਰੀ ਤੋਂ ਪਹਿਲਾਂ ਦੋ ਰਾਜਾਂ ਛੱਤੀਸਗੜ੍ਹ ਤੇ ਉਤਰ ਪ੍ਰਦੇਸ਼ ਦੀ ਪੁਲਸ ਆਹਮੋ ਸਾਹਮਣੇ ਹੁੰਦੀ ਅਤੇ ਬਹਿਸ ਕਰਦੀ ਨਜ਼ਰ ਆਈ, ਜਿਸ ਪਿੱਛੋਂ ਉਤਰ ਪ੍ਰਦੇਸ਼ ਸਰਕਾਰ ਨੇ ਇਹ ਗ੍ਰਿਫਤਾਰੀ ਕੀਤੀ।

ਰੋਹਿਤ ਰੰਜਨ ਨੂੰ ਗ੍ਰਿਫਤਾਰ ਕਰਨ ਲਈ ਛੱਤੀਸਗੜ੍ਹ ਪੁਲਸ ਕੱਲ੍ਹ ਸਵੇਰੇ ਉਸ ਦੇ ਘਰ ਪਹੁੰਚ ਗਈ। ਉਸ ਵੇਲੇ ਰੰਜਨ ਨੇ ਸੋਸ਼ਲ ਮੀਡੀਆ ਉੱਤੇ ਇਸ ਦੀ ਜਾਣਕਾਰੀ ਪਾ ਕੇ ਕਿਹਾ ਕਿ ਬਿਨਾਂ ਸਥਾਨਕ ਪੁਲਸ ਨੂੰ ਜਾਣਕਾਰੀ ਦਿੱਤਿਆਂ



ਛੱਤੀਸਗੜ੍ਹ ਪੁਲਸ ਉਨ੍ਹਾਂ ਦੇ ਘਰ ਦੇ ਬਾਹਰ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਖੜ੍ਹੀ ਹੈ। ਰੰਜਨ ਨੇ ਇਸ ਟਵੀਟ ਲਈ ਮੁੱਖ ਮੰਤਰੀ ਯੋਗੀ ਆਦਿਤਿਆਨਾਥ, ਗਾਜ਼ੀਆਬਾਦ ਦੇ ਐਸ ਐਸ ਪੀ ਅਤੇ ਲਖਨਊ ਜ਼ੋਨ ਦੇ ਏ ਡੀ ਜੀ ਨੂੰ ਟੈਗ ਕੀਤਾ। ਇਸ ਦੇ ਬਾਅਦ ਛੱਤੀਸਗੜ੍ਹ ਪੁਲਸ ਨੇ ਰੋਹਿਤ ਰੰਜਨ ਦੇ ਟਵੀਟ ਦੇ ਜਵਾਬ ਵਿੱਚ ਲਿਖਿਆ ਕਿ ਸੂਚਨਾ ਦੇਣ ਦਾ ਕੋਈ ਨਿਯਮ ਨਹੀਂ ਹੈ। ਛੱਤੀਸਗੜ੍ਹ ਪੁਲਸ ਨੇ ਰੰਜਨ ਨੂੰ ਸਹਿਯੋਗ ਕਰਨ ਦਾ ਮਸ਼ਵਰਾ ਦਿੰਦਿਆਂ ਕਿਹਾ ਕਿ ਉਨ੍ਹਾਂ (ਰੰਜਨ) ਨੂੰ ਅਦਾਲਤ ਦਾ ਗ੍ਰਿਫਤਾਰੀ ਵਾਰੰਟ ਵਿਖਾਇਆ ਗਿਆ ਹੈ, ਉਹ ਸਹਿਯੋਗ ਕਰਨ ਅਤੇ ਆਪਣਾ ਪੱਖ ਅਦਾਲਤ ਵਿੱਚ ਰੱਖਣ। ਮਿਲੀ ਜਾਣਕਾਰੀ ਮੁਤਾਬਕ ਉਤਰ ਪ੍ਰਦੇਸ਼ ਪੁਲਸ ਨੇ ਰੰਜਨ ਦੇ ਖਿਲਾਫ ਹਲਕੀਆਂ ਧਾਰਾਵਾਂ ਲਾਈਆਂ ਤੇ ਉਸ ਨੂੰ ਛੱਤੀਸਗੜ੍ਹ ਪੁਲਸ ਤੋਂ ਗ੍ਰਿਫਤਾਰੀ ਤੋਂ ਬਚਾਉਣ ਲਈ ਆਪਣੇ ਨਾਲ ਗਈ।

ਰੰਜਨ ਨੇ ਰਾਹੁਲ ਗਾਂਧੀ ਦੇ ਵਾਇਨਾਡ ਵਾਲੇ ਦਫਤਰ ਉੱਤੇ ਹੋਏ ਹਮਲੇ ਪਿੱਛੋਂ ਦਿੱਤੇ ਗਏ ਬਿਆਨ ਨੂੰ ਉਦੈਪੁਰ ਹੱਤਿਆ ਕਾਂਡ ਨਾਲ ਜੋੜ ਕੇ ਵਿਖਾਇਆ ਸੀ, ਜਿਸ ਤੋਂ ਬਾਅਦ ਐਂਕਰ ਦੇ ਖਿਲਾਫ ਰਾਜਸਥਾਨ ਅਤੇ ਛੱਤੀਸਗੜ੍ਹ ਵਿੱਚ ਮਾਮਲੇ ਦਰਜ ਕੀਤੇ ਗਏ ਹਨ। ਜੀ ਟੀ ਵੀ ਨੇ ਇਸ ਨੂੰ ਮਨੁੱਖੀ ਭੁੱਲ ਦਸਦਿਆਂ ਮੁਆਫੀ ਵੀ ਮੰਗੀ ਸੀ।

## ਅਮਰੀਕੀ ਪ੍ਰੋਫੈਸਰ ਦਾ ਦਾਅਵਾ, ਕੋਵਿਡ ਵੁਹਾਨ ਤੋਂ ਨਹੀਂ,ਅਮਰੀਕੀ ਲੈਬ ਤੋਂ ਲੀਕ ਹੋਇਆ

ਲੰਡਨ, 6 ਜੁਲਾਈ (ਪੋਸਟ ਬਿਊਰੋ)- ਅਮਰੀਕੀ ਇਕਾਨੋਮਿਸਟ ਜੇਫਰੀ ਸੈਸ ਦਾ ਦਾਅਵਾ ਹੈ ਕਿ ਕੋਵਿਡ-19 ਵਾਇਰਸ ਚੀਨ ਦੀ ਖਤਰਨਾਕ ਵੁਹਾਨ ਲੈਬ ਦੀ ਬਜਾਏ ਅਮਰੀਕਾ ਦੀ ਇੱਕ ਲੈਬਾਰਟਰੀ ਤੋਂ ਲੀਕ ਹੋਇਆ ਸੀ।

ਇੱਕ ਰਿਪੋਰਟ ਅਨੁਸਾਰ ਜੇਫਰੀ ਸੈਸ ਨੇ ਮਹਾਮਾਰੀ ਦੇ ਮੁੱਢ ਦੀ ਦੋ ਸਾਲ ਦੀ ਜਾਂਚ ਦੀ ਅਗਵਾਈ ਕੀਤੀ ਸੀ ਤੇ ਉਨ੍ਹਾਂ ਨੂੰ ਪੱਕਾ ਯਕੀਨ ਸੀ ਕਿ ਵਾਇਰਸ ਇੱਕ ਯੂ ਐਸ ਲੈਬ ਬਾਇਓਟੈਕਨਾਲੋਜੀ ਦਾ ਨਤੀਜਾ ਸੀ। ਉਨ੍ਹਾ ਨੇ ਸਪੈਨਿਸ਼ ਸੰਸਾਰੀਕਰਨ ਥਿੰਕ ਟੈਂਕ ਗੇਟ ਸੈਂਟਰ ਵੱਲੋਂ ਕਰਵਾਏ ਵਿਸ਼ਵ ਪੱਧਰੀ ਸੰਮੇਲਨ ਵਿੱਚ ਕਿਹਾ, ਮੈਂ ਕੋਵਿਡ ਉੱਤੇ ਦੋ ਸਾਲ ਲੈਂਸੇਟ ਬਾਰੇ ਇੱਕ ਕਮਿਸ਼ਨ ਦੀ ਅਗਵਾਈ ਕੀਤੀ। ਮੈਨੂੰ ਪੂਰਾ ਯਕੀਨ ਹੈ ਕਿ ਇਹ ਯੂ ਐਸ ਲੈਬ ਬਾਇਓਟੈਕਨਾਲੋਜੀ ਤੋਂ ਨਿਕਲਿਆ ਹੈ ਅਤੇ ਕੁਦਰਤ ਤੋਂ ਬਾਹਰ




ਨਹੀਂ ਹੈ, ਬੱਸ ਇਸ ਉੱਤੇ ਦੋ ਸਾਲ ਦੇ ਡੂੰਘੇ ਕੰਮ ਪਿੱਛੋਂ ਖੁਲਾਸਾ ਕੀਤਾ ਗਿਆ ਤਾਂ ਇਹ ਮੇਰੇ ਵਿਚਾਰ ਵਿੱਚ ਇੱਕ ਭੁੱਲ ਹੈ ਬਾਇਓਟੈਕ ਦੀ ਦੁਰਘਟਨਾ ਜਾਂ ਕੁਦਰਤੀ ਸਪਿਲਓਵਰ ਨਹੀਂ।

ਵਰਨਣ ਯੋਗ ਹੈ ਕਿ ਮਹਾਮਾਰੀ ਦੇ ਦੋ ਸਾਲ ਬਾਅਦ ਵੀ ਕੋਵਿਡ-19 ਦੀ ਉਤਪਤੀ ਸਪੱਸ਼ਟ ਨਹੀਂ। ਇਹ ਸੰਸਾਰਕ ਪੱਧਰ ਉੱਤੇ ਵਿਗਿਆਨੀਆਂ ਅਤੇ ਸਿਆਸਤਦਾਨਾਂ ਵਿੱਚ ਇੱਕ ਸਿਆਸੀ ਅਤੇ ਵਿਗਿਆਨਕ ਬਹਿਸ ਰਹੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਕੋਰੋਨਾ ਵਾਇਰਸ ਚਮਗਿੱਦੜ ਤੋਂ ਲੋਕਾਂ ਵਿੱਚ ਫੈਲਿਆ ਜਾਂ ਲੈਬਾਰਟਰੀ ਤੋਂ ਲੀਕ ਹੋਇਆ ਹੈ। ਬੀਤੇ ਮਹੀਨੇ ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਦੇ ਪ੍ਰਮੁੱਖ ਟੇਡ੍ਰੋਸ ਐਡਨਾਮ ਗੇਬਿਅਸ ਨੇ ਕਿਹਾ ਸੀ ਕਿ ਕੋਵਿਡ ਲੈਬ ਰਿਸਾਅ ਸਿਧਾਂਤ ਨੂੰ ਅੱਗੇ ਦੀ ਜਾਂਚ ਦੀ ਲੋੜ ਹੈ, ਪ੍ਰੰਤੂ ਫਿਰ ਉਨ੍ਹਾਂ ਨੇ ਇੱਕ ਸੀਨੀਅਰ ਯੂਰਪੀ ਰਾਜਨੇਤਾ ਕੋਲ ਨਿੱਜੀ ਤੌਰ ਉੱਤੇ ਸਵੀਕਾਰ ਕੀਤਾ ਕਿ ਮਹਾਮਾਰੀ ਚੀਨ ਦੀ ਖਤਰਨਾਕ ਵੁਹਾਨ ਲੈਬ ਤੋਂ ਪੈਦਾ ਹੋਈ ਹੈ।ਸੈਸ ਨੂੰ ਕਈ ਵਾਰ ਟਾਈਮ ਮੈਗਜ਼ੀਨ ਦੇ ਦੁਨੀਆ ਦੇ 100 ਸਭ ਤੋਂ ਪ੍ਰਭਾਵਸ਼ਾਲੀ ਲੋਕਾਂ ਵਿੱਚੋਂ ਇੱਕ ਚੁਣਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਗੱਲ ਦੇ ਪੱਕੇ ਸਬੂਤ ਹਨ ਕਿ ਇਸ ਦੀ ਜਾਂਚ ਕੀਤੀ ਜਾਣੀ ਚਾਹੀਦੀ ਤੇ ਇਸ ਦੀ ਜਾਂਚ ਅਮਰੀਕਾ ਤੋਂ ਇਲਾਵਾ ਹੋਰ ਕਿਤੇ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ, ਮੈਨੂੰ ਲੱਗਦਾ ਹੈ ਕਿ ਅਸਲ ਕਾਰਨਾਂ ਤੋਂ ਉਹ (ਅਮਰੀਕੀ ਅਧਿਕਾਰੀ) ਬਹੁਤ ਵੱਧ ਨਹੀਂ ਦੇਖਣਾ ਚਾਹੁੰਦੇ ਹਨ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਵੀ ਸਪੱਸ਼ਟ ਨਹੀਂ ਹੈ ਕਿ ਕੋਵਿਡ ਦੀ ਉਤਪਤੀ ਅਮਰੀਕਾ ਵਿੱਚ ਹੋਈ ਸੀ ਜਾਂ ਵੁਹਾਨ ਵਿੱਚ ਅਮਰੀਕੀ ਅਤੇ ਚੀਨੀ ਵਿਗਿਆਨਕਾਂ ਦੇ ਸਹਿਯੋਗ ਨਾਲ ਪੈਦਾ ਹੋਈ ਸੀ।

## ਨੂਪੁਰ ਸ਼ਰਮਾ ਖਿਲਾਫ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਦੀ ਸਾਬਕਾ ਜੱਜਾਂ ਵੱਲੋਂ ਆਲੋਚਨਾ

ਨਵੀਂ ਦਿੱਲੀ, 6 ਜੁਲਾਈ (ਪੋਸਟ ਬਿਊਰੋ)- ਸਾਬਕਾ ਜੱਜਾਂ ਅਤੇ ਅਫਸਰਾਂ ਦੇ ਇੱਕ ਗਰੁੱਪ ਨੇ ਕੱਲ੍ਹ ਸੁਪਰੀਮ ਕੋਰਟ ਤੋਂ ਮੰਗ ਕੀਤੀ ਕਿ ਅਦਾਲਤ ਭਾਜਪਾ ਦੀਸਸਪੈਂਡਿਡ ਬੁਲ-ਾਰਾ ਨੂਪੁਰ ਸ਼ਰਮਾ ਦੇ ਖਿਲਾਫ ਕੀਤੀਆਂ ਟਿੱਪਣੀਆਂ ਵਾਪਸ ਲਵੇ। ਇਸ ਗਰੁੱਪ ਨੇ ਦੋਸ਼ ਲਾਇਆ ਕਿ ਅਦਾਲਤ ਨੇ ਆਪਣੀ 'ਲਛਮਣ ਰੇਖਾ' ਪਾਰ ਕੀਤੀ ਹੈ ਅਤੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨਿਆਂ ਪ੍ਰਣਾਲੀ ਉੱਤੇ ਕਦੇ ਨਾ ਮਿਟਣ ਵਾਲਾ ਦਾਗ਼ ਲਾ ਦਿੱਤਾ ਹੈ।

ਇਸ ਗਰੁੱਪ ਵਿੱਚ ਹਾਈ ਕੋਰਟਾਂ ਦੇ 15 ਸਾਬਕਾ ਜੱਜ, ਆਲ ਇੰਡੀਆ ਸਰਵਿਸਿਜ਼ ਦੇ 77 ਸਾਬਕਾ ਅਫਸਰ ਤੇ 25 ਹੋਰ ਸੀਨੀਅਰ ਅਫਸਰ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਹ ਮੰਦਭਾਗੀਆਂ ਟਿੱਪਣੀਆਂ ਨਿਆਂ ਪਾਲਿਕਾ ਦੀ ਰਿਵਾਇਤ ਦੇਉਲਟ ਹਨ। ਇਸ ਗਰੁੱਪ ਵਿੱਚ ਸ਼ਾਮਲ ਸਾਬਕਾ ਜੱਜਾਂ ਅਤੇ ਅਫਸਰਸ਼ਾਂ ਨੇ ਇੱਕ ਦਸਤਖਤੀ ਬਿਆਨ ਵਿੱਚ ਕਿਹਾ ਕਿ 'ਇਹ ਮੰਦਭਾਗੀਆਂ ਟਿੱਪਣੀਆਂ ਨਿਆਂਪਾਲਿਕਾ ਦੇ ਇਤਹਾਸ ਨਾਲ ਮੇਲ ਨਹੀਂ ਖਾਂਦੀਆਂ ਤੇ ਸਭ ਤੋਂ ਵੱਡੇ ਲੋਕਤੰਤਰ ਦੀ ਨਿਆਂ ਪ੍ਰਣਾਲੀ ਉੱਤੇ ਅਜਿਹਾ ਦਾਗ਼ ਹਨ, ਜਿਸ ਨੂੰ ਮਿਟ-ਾਇਆ ਨਹੀਂ ਜਾ ਸਕਦਾ। ਇਸ ਕੇਸ ਵਿੱਚ ਤੁਰੰਤ ਸੁਧਾਰਾਤਮਕ ਕਦਮ ਉਠਾਉਣ ਦੀ ਅਪੀਲ ਕੀਤੀ ਜਾਂਦੀ ਹੈ ਕਿਉਂਕਿ ਲੋਕਤੰਤਰੀ ਕਦਰਾਂ ਕੀਮਤਾਂ ਅਤੇ ਦੇਸ਼ ਦੀ ਸੁਰੱਖਿਆ ਦੇ ਲਿਹਾਜ਼ ਨਾਲ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ।' ਇਸ ਬਿਆਨ ਉੱਤੇ ਬੰਬਈ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਸ਼ਿਤਿਜ ਵਿਆਸ, ਗੁਜਰਾਤ ਹਾਈ ਕਰੋਟ ਦੇ ਸਾਬਕਾ ਜੱਜ ਐਸ ਐਮ ਸੋਨੀ, ਰਾਜਸਥਾਨ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਆਰ ਐਸ ਰਾਠੌਰ ਅਤੇ ਜਸਟਿਸ ਪ੍ਰਸ਼ਾਂਤ ਅਗਰਵਾਲ ਅਤੇ ਦਿੱਲੀ ਹਾਈ ਕੋਰਟ ਦੇਸਾਬਕਾ ਜੱਜ ਐਸ ਐਨ ਢੀਂਗਰਾ ਦੇਦਸਖਤ ਹਨ। ਸਾਬਕਾ ਆਈ ਏ ਐਸ ਅਧਿਕਾਰੀ ਆਰ ਐਸ ਗੋਪਾਲਨ ਅਤੇ ਐਸ ਕ੍ਰਿਸਨ ਕੁਮਾਰ, ਰਾਜਦੂਤ (ਸੇਵਾਮੁਕਤ) ਨਿਰੰਜਣ ਦੇਸਾਈ, ਸਾਬਕਾ ਪੁਲਸ ਮੁਖੀਆਂ ਐਸ ਪੀ ਵੈਦ ਅਤੇ ਬੀ ਐਲ ਵੋਹਰਾ, ਲੈਫਟੀਨੈਂਟ ਜਨਰਲ (ਸੇਵਾਮੁਕਤ) ਵੀ ਕੇ ਚਤੁਰਵੇਦੀ ਅਤੇ ਏਅਰ ਮਾਰਸ਼ਲ (ਸੇਵਾਮੁਕਤ) ਅਤੇ ਏਅਰ ਮਾਰਸ਼ਲ (ਰਿਟਾਇਰਡ) ਐਸ ਪੀ ਸਿੰਘ ਨੇ ਵੀ ਬਿਆਨ ਉੱਤੇ ਦਸਤਖਤ ਕੀਤੇ ਹਨ।ਬਿਆਨ ਵਿੱਚ ਲਿਖਿਆ ਹੈ, ''ਇਹ ਟਿੱਪਣੀਆਂ ਨਿਆਂਇਕ ਹੁਕਮ ਦਾ ਹਿੱਸਾ ਨਹੀਂ ਤੇ ਉਨ੍ਹਾਂ ਨੂੰ ਨਿਆਂਇਕ ਯੋਗਤਾ ਤੇ ਨਿਰਪੱਖਤਾ ਦੇ ਆਧਾਰ ਉੱਤੇ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਕਿਹਾ ਜਾ ਸਕਦਾ। ਅਜਿਹੀਆਂ





ਟਿੱਪਣੀਆਂ ਨਿਆਂ ਪਾਲਿਕਾ ਦੇ ਇਤਿਹਾਸ ਨਾਲ ਮੇਲ ਨਹੀਂ ਖਾਂਦੀਆਂ।''

ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਭਾਜਪਾ ਤੋਂ ਸਸਪੈਂਡਿਡ ਆਗੂ ਨੂਪੁਰ ਸ਼ਰਮਾ ਦੀ ਪੈਗੰਬਰ ਮੁਹੰਮਦ ਬਾਰੇ ਵਿਵਾਦਤ ਟਿੱਪਣੀ ਬਾਰੇ ਪਹਿਲੀ ਜੁਲਾਈ ਨੂੰ ਉਸ ਦੀ ਝਾੜਝੰਬ ਕਰਦੇ ਹੋਏ ਕਿਹਾ ਸੀ, 'ਉਸ ਦੀ ਬੇਕਾਬੂ ਜ਼ੁਬਾਨ ਨੇ ਸਾਰੇ ਦੇਸ਼ ਨੂੰ ਅੱਗ ਵਿੱਚ ਝੋਕ ਦਿੱਤਾ। ਦੇਸ਼ ਵਿੱਚ ਜੋ ਹੋ ਰਿਹਾ ਹੈ, ਉਸ ਲਈ ਸ਼ਰਮਾ ਇਕੱਲੀ ਜ਼ਿੰਮੇਵਾਰ ਹੈ।''ਅਦਾਲਤ ਨੇ ਨੂਪੁਰ ਸ਼ਰਮਾ ਦੀ ਵਿਵਾਦਤ ਟਿੱਪਣੀ ਬਾਰੇ ਵੱਖ-ਵੱਖ ਸੂਬਿਆਂ ਵਿੱਚ ਦਰਜ ਕੇਸਾਂ ਨੂੰ ਇੱਕੋ ਥਾਂ ਜੋੜਨ ਬਾਰੇ ਉਸ ਦੀ ਪਟੀਸ਼ਨ ਉੱਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਅਦਾਲਤ ਦਾ ਕਹਿਣਾ ਸੀ ਕਿ ਭਾਜਪਾ ਆਗੂ ਨੇ ਪੈਗੰਬਰ ਮੁਹੰਮਦ ਬਾਰੇ ਟਿੱਪਣੀ ਜਾਂ ਸਸਤੀ ਸ਼ੋਹਰਤ ਹਾਸਲ ਕਰਨ ਲਈ ਜਾਂ ਕਿਸੇ ਸਿਆਸੀ ਏਜੰਡੇ ਜਾਂ ਕਿਸੇ ਨਾਪਾਕ ਗਤੀਵਿਧੀ ਤਹਿਤ ਕੀਤੀ ਸੀ। ਸਾਬਕਾ ਜੱਜਾਂ ਤੇ ਅਫਸਰਾਂ ਦੇ ਗਰੁੱਪਨੇ ਜਾਰੀ ਬਿਆਨ ਵਿੱਚ ਅਦਾਲਤ ਦੀਆਂ ਇਨ੍ਹਾਂ ਟਿੱਪਣੀਆਂ ਦੀ ਆਲੋਚਨਾ ਕਰਦੇ ਹੋਏ ਕਿਹਾ ਹੈ, ''ਅਸੀਂ ਜ਼ਿੰਮੇਵਾਰ ਨਾਗਰਿਕ ਵਜੋਂ ਮੰਨਦੇ ਹਾਂ ਕਿ ਕਿਸੇ ਵੀ ਦੇਸ਼ ਦਾ ਲੋਕਤੰਤਰ ਉਦੋਂ ਤਕ ਕਾਇਮ ਰਹੇਗਾ, ਜਦੋਂ ਤਕ ਕਿ ਸਾਰੀਆਂ ਸੰਸਥਾਵਾਂ ਨੂੰ ਸੰਵਿਧਾਨ ਮੁਤਾਬਕ ਆਪਣੇ ਫਰਜ਼ਾਂ ਦੀ ਪਾਲਣਾ ਕਰਦੀਆਂ ਰਹਿਣਗੀਆਂ। ਸੁਪਰੀਮ ਕੋਰਟ ਦੇ ਦੋ ਜੱਜਾਂ ਦੀਆਂ ਹਾਲੀਆ ਟਿੱਪਣੀਆਂ ਨੇ ਲਛਮਣ ਰੇਖਾ ਪਾਰ ਕਰ ਦਿੱਤੀ ਹੈ ਅਤੇ ਸਾਨੂੰ ਇੱਕ ਖੁੱਲ੍ਹਾ ਬਿਆਨ ਜਾਰੀ ਕਰਨ ਲਈ ਮਜਬੂਰ ਕੀਤਾ ਹੈ। ਇਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਨੂਪੁਰ ਨੂੰ ਨਿਆਂਪਾਲਿਕਾ ਤਕ ਪਹੁੰਚ ਤੋਂ ਵਾਂਝਾ ਕੀਤਾ ਗਿਆ ਅਤੇ ਇਸ ਪ੍ਰਕਿਰਿਆ ਵਿੱਚ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ, ਭਾਵਨਾ ਤੇ ਸਾਰ ਦੀ ਉਲੰਘਣਾ ਕੀਤੀ ਗਈ ਹੈ। ਬਿਆਨ ਵਿੱਚ ਦਾਅਵਾ ਕੀਤਾ ਗਿਆ ਹੈ, ''ਇਨ੍ਹਾਂ ਟਿੱਪਣੀਆਂ ਨੇ ਉਦੈਪੁਰ ਵਿੱਚ ਦਿਨ ਦਿਹਾੜੇ ਸਿਰ ਕਲਮ ਕਰਨ ਵਰਗੇ ਕਾਰਿਆਂ ਨੂੰ ਅਸਿੱਧੇ ਤਰੀਕੇ ਛੋਟ ਦੇ ਦਿੱਤੀ ਹੈ। ਕਾਨੂੰਨ ਨਾਲ ਜੁੜੇ ਭਾਈਚਾਰੇ ਦਾ ਇਸ ਟਿੱਪਣੀ ਉੱਤੇ ਹੈਰਾਨ ਹੋਣਾ ਨਿਸ਼ਚਿਤ ਹੈ ਕਿ ਸ਼ਿਕਾਇਤ ਕਾਰਨ ਗ੍ਰਿਫਤਾਰੀ ਹੋਣੀ ਚਾਹੀਦੀ ਹੈ। ਦੇਸ਼ ਵਿੱਚ ਬਿਨਾਂ ਨੋਟਿਸ ਦਿੱਤੇ ਹੋਰ ਏਜੰਸੀਆਂ ਉੱਤੇ ਇਸ ਤਰ੍ਹਾਂ ਦੀਆਂ ਟਿੱਪਣੀਆਂ ਅਸਲ ਵਿੱਚ ਚਿੰਤਾਜਨਕ ਅਤੇ ਖਤਰਨਾਕ ਹਨ।''

ਐਡਵੋਕੇਟ ਸੀ ਆਰ ਜਯਾ ਸੁਕਿਨ ਨੇ ਅਟਾਰਨੀ ਜਨਰਲ ਕੇ ਕੇ ਵੈਣੂਗੋਪਾਲ ਕੋਲ ਇੱਕ ਅਰਜ਼ੀ ਦਾਇਰ ਕਰ ਕੇ ਨੂਪੁਰ ਸ਼ਰਮਾ ਮਾਮਲੇ ਵਿੱਚ ਸੁਪਰੀਮ ਕੋਰਟ ਦੀ ਕਾਰਵਾਈ ਖਿਲਾਫ ਟਿੱਪਣੀਆਂ ਕਰਨ ਉੱਤੇ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਐਸ ਐਨ ਢੀਂਗਰਾ ਵਿਰੁੱਧ ਅਦਾਲਤੀ ਮਾਣਹਾਨੀ ਦੀ ਕਾਰਵਾਈ ਕਰਨ ਲਈ ਅਟਾਰਨੀ ਜਨਰਲ ਦੀ ਸਹਿਮਤੀ ਮੰਗੀ ਹੈ। ਸ੍ਰੀਸੁਕਿਨ ਨੇ ਸਾਬਕਾ ਅਡੀਸ਼ਨਲ ਸਾਲਿਸਟਰ ਜਨਰਲ ਅਮਨ ਲੇਖੀ ਅਤੇ ਸੀਨੀਅਰ ਵਕੀਲ ਕੇ ਰਾਮਾ ਕੁਮਾਰ ਖਿਲਾਫ ਵੀ ਅਜਿਹੀ ਹੀ ਕਾਰਵਾਈ ਦੀ ਮੰਗ ਕੀਤੀ ਹੈ।

## ਸਰਕਾਰ ਦੇ ਹੁਕਮਾਂ ਨੂੰ ਟਵਿੱਟਰ ਵੱਲੋਂ ਕਰਨਾਟਕ ਹਾਈ ਕੋਰਟ ਵਿੱਚ ਚੁਣੌਤੀ

ਨਵੀਂ ਦਿੱਲੀ, 6 ਜੁਲਾਈ (ਪੋਸਟ ਬਿਊਰੋ)- ਟਵਿੱਟਰ ਨੇ ਕਰਨਾਟਕ ਹਾਈ ਕੋਰਟ ਵਿੱਚ ਅਰਜ਼ੀ ਪੇਸ਼ ਕਰ ਕੇ ਸਰਕਾਰ ਦੇ ਨਵੇਂ ਆਈ ਟੀ ਨਿਯਮਾਂ ਤਹਿਤ ਜਾਰੀ ਸਮੱਗਰੀ ਹਟਾਉਣ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਹੈ।

ਕੰਪਨੀ ਦਾ ਕਹਿਣਾ ਹੈ ਕਿ ਅਫਸਰਾਂ ਨੇ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਹੈ। ਟਵਿੱਟਰ ਨੇ ਅਦਾਲਤ ਤੋਂ ਸਮੱਗਰੀ ਬਲਾਕ ਕਰਨ ਦੇ ਹੁਕਮਾਂ ਦੀ ਨਿਆਂਇਕ ਸਮੀਖਿਆ ਕਰਨ ਦੀ ਅਪੀਲ ਕੀਤੀ ਹੈ। ਮਾਈਕਰੋਬਲਾਗਿੰਗ ਸਾਈਟ ਟਵਿੱਟਰ ਨੇ ਜੂਨ 2022 ਵਿੱਚ ਜਾਰੀ ਇੱਕ ਸਰਕਾਰੀ ਹੁਕਮ ਨੂੰ ਚੁਣੌਤੀ ਦੇਂਦਿਆਂ ਕਿਹਾ ਹੈ ਕਿ ਸਮੱਗਰੀ ਬਲਾਕ ਕਰਨ ਦਾ ਹੁਕਮ ਮਨਮਰਜ਼ੀ ਵਾਲਾ ਹੈ। ਟਵਿੱਟਰ ਰਿੱਟ ਪਟੀਸ਼ਨ ਬਾਰੇ ਜਾਣੂ ਸੂਤਰਾਂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਸਰਕਾਰ ਦੀਆਂ ਕਈ ਅਪੀਲਾਂ ਸਿਆਸੀ ਸਮੱਗਰੀ ਖਿਲਾਫ ਕਾਰਵਾਈ ਲਈ ਹਨ। ਇਹ ਸਮੱਗਰੀ ਸਿਆਸੀ ਪਾਰਟੀਆਂ ਦੇ ਅਧਿਕਾਰਤ ਹੈਂਡਲਾਂ ਤੋਂ ਪੋਸਟ ਹੋਈਆਂ ਹਨ, ਇਸ ਲਈ ਏਦਾਂ ਦੀ ਜਾਣਕਾਰੀ ਨੂੰ ਬਲਾਕ ਕਰਨਾ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਹੋਵੇਗੀ, ਜੋ ਕੰਪਨੀ ਨੇ ਮੰਚ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਦਿੱਤੀ ਹੈ। ਸੂਤਰਾਂ ਨੇ ਕਿਹਾ, ''ਜਿਸ ਸਮੱਗਰੀ ਨੂੰ ਬਲਾਕ ਕਰਨ ਦੀ ਅਪੀਲ ਕੀਤੀ ਗਈ ਹੈ, ਉਸ ਦਾ ਆਈ ਟੀ ਐਕਟ ਦੀ ਧਾਰਾ 69ਏ ਤਹਿਤ ਕੋਈ ਲੈਣਾ-ਦੇਣਾ ਨਹੀਂ।'' ਇਸ ਐਕਟ ਹੇਠ ਕੇਂਦਰ ਜਾਂ ਇਸ ਵੱਲੋਂ ਅਧਿਕਾਰਤ ਅਧਿਕਾਰੀ ਦੇਸ਼ ਦੀ ਪ੍ਰਭੂਸੱਤਾ ਤੇ ਅਖੰਡਤਾ, ਦੇਸ਼ ਦੀ ਰੱਖਿਆ, ਵਿਦੇਸ਼ਾਂ ਨਾਲ ਦੋਸਤਾਨਾ ਸਬੰਧਾਂ ਦੀ ਰਾਖੀ ਲਈ ਕਿਸੇ ਸੂਚਨਾ ਨੂੰ ਬਲਾਕ ਕਰਨ ਲਈ ਕਹਿ ਸਕਦਾ ਹੈ। ਇਸ ਸਬੰਧੀ ਟਵਿੱਟਰ ਅਤੇ ਇਲੈਕਟ੍ਰੋਨਿਕਸ ਮੰਤਰਾਲੇ ਨੂੰ ਈ-ਮੇਲ ਭੇਜ ਕੇ ਸਵਾਲ ਪੁੱਛੇ ਸਨ, ਪਰ ਹਾਲੇ ਉਨ੍ਹਾਂ ਦਾ ਕੋਈ ਜਵਾਬ ਨਹੀਂ ਮਿਲਿਆ। ਇਲੈਕਟ੍ਰੋਨਿਕਸ ਤੇ ਸੂਚਨਾ ਤਕਨਾਲੋਜੀ ਦੇ ਰਾਜ ਮੰਤਰੀ ਰਾਜੀਵ ਚੰਦਰਸ਼ੇਖਰ ਨੇ ਟਵਿੱਟਰ ਉੱਤੇ ਇਹ ਲਿਖਿਆ ਹੈ, ''ਸਾਰੇ ਮੰਚਾਂ ਨੂੰ ਅਦਾਲਤ ਜਾਣ ਦਾ ਅਧਿਕਾਰ ਹੈ, ਪਰ ਕਾਨੂੰਨ ਦੀ ਪਾਲਣਾ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ।'' ਜਾਣਕਾਰ ਸੂਤਰਾਂ ਅਨੁਸਾਰ ਟਵਿੱਟਰ ਦੀ ਪਟੀਸ਼ਨ ਅਨੁਸਾਰ ਧਾਰਾ 69 ਏ ਹੇਠ ਸਮੱਗਰੀ ਬਲਾਕ ਕਰਨ ਬਾਰੇ ਹੁਕਮ ਜਾਰੀ ਕੀਤੇ ਗਏ ਹਨ, ਪਰ ਉਸ ਵਿੱਚ ਇਹ ਨਹੀਂ ਦੱਸਿਆ ਗਿਆ ਕਿ ਸੰਬੰਧਤ ਸਮੱਗਰੀ ਧਾਰਾ 69 ਏ ਦੀ ਉਲੰਘਣਾ ਕਿਵੇਂ ਕਰਦੀ ਹੈ। ਸੂਤਰ ਨੇ ਕਿਹਾ, ''ਟਵਿੱਟਰ ਨੇ ਅਦਾਲਤ ਕੋਲੋਂ ਸਮੱਗਰੀ ਬਲਾਕ ਕਰਨ ਦੇ ਹੁਕਮਾਂ ਦੀ ਨਿਆਇਕ ਸਮੀਖਿਆ ਕਰਨ ਦੀ ਅਪੀਲ ਕੀਤੀ ਹੈ।''

ਆਜ਼ਾਦੀ ਦਾ ਅੰਮ੍ਰਿਤ ਮਹਾ ਉਤਸਵ:

## ਸਰਕਾਰ ਵੱਲੋਂ ਕੈਦੀਆਂ ਨੂੰ ਵਿਸ਼ੇਸ਼ ਮੁਆਫੀ ਦੇਣ ਦੀ ਤਿਆਰੀ

ਨਵੀਂ ਦਿੱਲੀ, 6 ਜੁਲਾਈ (ਪੋਸਟ ਬਿਊਰੋ)- ਜੇਲ੍ਹਾਂ ਵਿੱਚ ਬੰਦ 50 ਸਾਲ ਤੋਂ ਵੱਧ ਉਮਰ ਦੇ ਹਜ਼ਾਰਾਂ ਔਰਤਾਂ ਤੇ ਕਿੰਨਰ ਕੈਦੀਆਂ ਲਈ ਖੁਸ਼ਖਬਰੀ ਹੈ। ਆਜ਼ਾਦੀ ਦੇ ਅੰਮ੍ਰਿਤ ਮਹਾ ਉਤਸਵ ਦੇ ਜਸ਼ਨਾਂ ਦੀ ਕੜੀ ਤਹਿਤ ਸਰਕਾਰ ਇਨ੍ਹਾਂ ਕੈਦੀਆਂ ਦੀ ਸਜ਼ਾ ਮੁਆਫ ਕਰਨ ਦੀ ਯੋਜਨਾ ਬਣਾ ਰਹੀ ਹੈ। ਇਹ ਸਜ਼ਾ ਮੁਆਫੀ ਤਿੰਨ ਪੜਾਵਾਂ ਵਿੱਚ ਹੋਵੇਗੀ ਅਤੇ ਜੇਲ੍ਹ ਵਿੱਚ ਸਬੰਧਤ ਕੈਦੀਆਂ ਦੇ ਵਤੀਰੇ ਤੇ ਰਵੱਈਏ ਉੱਤੇ ਨਿਰਭਰ ਕਰੇਗੀ।

ਭਾਰਤ ਦੇ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਆਜ਼ਾਦੀ ਦਾ ਅੰਮ੍ਰਿਤ ਮਹਾ ਉਤਸਵ' ਦੇ ਜਸ਼ਨ ਮਨਾਉਣ ਦੀਆਂ ਯੋਜਨਾਵਾਂ ਦਾ ਹਿੱਸਾ, ਇਸ ਸਕੀਮ ਵਿੱਚ ਸੱਠ ਸਾਲ ਤੋਂ ਵੱਧ ਉਮਰ ਦੇ ਪੁਰਸ਼ ਤੇ ਅੰਗਹੀਣ ਕੈਦੀਆਂ, ਜੋ ਆਪਣੀ ਅੱਧੀ ਤੋਂ ਵੱਧ ਸਜ਼ਾ ਕੱਟ ਚੁੱਕੇ ਹਨ, ਨੂੰ ਸ਼ਾਮਲ ਕੀਤਾ ਜਾਵੇਗਾ। ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਗਰੀਬ ਜਾਂ ਲੋੜਵੰਦ ਕੈਦੀਆਂ, ਜੋ ਉਨ੍ਹਾਂ ਨੂੰ ਲਾਏ ਜੁਰਮਾਨਿਆਂ ਦੀ ਅਦਾਇਗੀ ਨਾ ਹੋਣ ਕਰ ਕੇ ਅਜੇ ਜੇਲ੍ਹਾਂ ਵਿੱਚ ਹਨ, ਨੂੰ ਵੀ ਸਕੀਮ ਦਾ ਲਾਹਾ ਮਿਲੇਗਾ। ਬਕਾਇਆ ਜੁਰਮਾਨਿਆਂ ਉੱਤੇ ਲੀਕ ਮਾਰੀ ਜਾਵੇਗੀ।ਗ੍ਰਹਿ ਮੰਤਰਾਲੇ ਵੱਲੋਂ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਜਾਰੀ ਚਿੱਠੀ ਪੱਤਰ ਮੁਤਾਬਕ ਅਜਿਹੇ ਕੈਦੀ ਜੋ ਯੋਗਤਾ ਸ਼ਰਤਾਂ ਨੂੰ ਪੂਰਾ ਕਰਦੇ ਹਨ, ਨੂੰ ਤਿੰਨ ਪੜਾਵਾਂ-15 ਅਗਸਤ 2022, 26 ਜਨਵਰੀ 2023 ਅਤੇ 15 ਅਗਸਤ 2023 ਨੂੰ ਛੱਡਿਆ ਜਾਵੇਗਾ। ਮੰਤਰਾਲੇ ਨੇ ਕਿਹਾ ਕਿ ਇਹ ਸਕੀਮ ਮੌਤ ਜਾਂ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਕੈਦੀਆਂ ਅਤੇ ਬਲਾਤਕਾਰ, ਦਹਿਸ਼ਤਗਰਦੀ, ਦਾਜ ਕਰ ਕੇ ਹੱਤਿਆ ਤੇ ਮਨੀ ਲਾਂਡਰਿੰਗ ਕੇਸਾਂ ਦੇ ਦੋਸ਼ੀਆਂ ਉੱਤੇ ਲਾਗੂ ਨਹੀਂ ਹੋਵੇਗੀ। ਵਿਸਫੋਟਕ ਪਦਾਰਥ ਐਕਟ, ਕੌਮੀ ਸੁਰੱਖਿਆ ਐਕਟ, ਸਰਕਾਰੀ ਭੇਤਾਂ ਬਾਰੇ ਐਕਟ ਸਣੇ ਮਨੁੱਖੀ ਤਸਕਰੀ ਨਾਲ ਜੁੜੇ ਦੋਸ਼ਾਂ ਦੀ ਸਜ਼ਾ ਕਟ ਰਹੇ ਕੈਦੀਆਂ ਨੂੰ ਵੀ ਇਸ ਵਿਸ਼ੇਸ਼ ਮੁਆਫੀ ਲਈ ਨਹੀਂ ਵਿਚਾਰਿਆ ਜਾਵੇਗਾ।

ਸਾਲ 2020 ਦੇ ਸਰਕਾਰੀ ਅਨੁਮਾਨਾਂ ਮੁਤਾਬਕ ਭਾਰਤ ਦੀਆਂ ਜੇਲ੍ਹਾਂ ਵਿੱਚ ਇਸ ਵੇਲੇ ਸਮਰੱਥਾ ਨਾਲੋਂ ਵੱਧ ਕੈਦੀ ਹਨ। ਭਾਰਤੀ ਜੇਲ੍ਹਾਂ ਵਿੱਚ ਇਸ ਵੇਲੇ 4.78 ਲੱਖ ਦੇ ਕਰੀਬ ਕੈਦੀ ਹਨ ਜਦੋਂ ਕਿ ਜੇਲ੍ਹਾਂ ਦੀ ਅਸਲ ਸਮਰੱਥਾ 4.03 ਲੱਖ ਕੈਦੀ ਰੱਖਣ ਦੀ ਹੈ। ਕੁੱਲ ਕੈਦੀਆਂ ਵਿੱਚੋਂ ਇੱਕ ਲੱਖ ਦੇ ਕਰੀਬ ਔਰਤਾਂ ਹਨ।ਗ੍ਰਹਿ ਮੰਤਰਾਲੇ ਨੇ ਰਾਜ ਸਰਕਾਰਾਂ ਅਤੇ ਯੂ ਟੀ ਪ੍ਰਸ਼ਾਸਨਾਂ ਨੂੰ ਪਹਿਲਾਂ ਦਿੱਤੀ ਸਲਾਹ ਵਿੱਚ ਕਿਹਾ ਸੀ ਕਿ ਉਹ ਅਡੀਸ਼ਨਲਸੈਕਟਰੀ ਜਾਂ ਸਬੰਧਤ ਰਾਜਾਂ ਜਾਂ ਯੂ ਟੀ ਦੇ ਗ੍ਰਹਿ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਇੰਚਾਰਜ ਨੂੰ ਚੇਅਰਪਰਸਨ, ਕਾਨੂੰਨ ਵਿਭਾਗ ਦੇ ਅਡੀਸ਼ਨਲਚੀਫ ਸੈਕਟਰੀ ਜਾਂ ਪ੍ਰਿੰਸੀਪਲ ਸੈਕਟਰੀ ਇੰਚਾਰਜ ਨੂੰ ਮੈਂਬਰ ਅਤੇ ਡੀ ਜੀ ਜੇਲ੍ਹਾਂ ਨੂੰ ਮੈਂਬਰ ਸੈਕਟਰੀ ਵਜੋਂ ਲੈ ਕੇ ਕਮੇਟੀਆਂ ਬਣਾਉਣ। ਇਸ ਦੇ ਨਾਲ ਮੰਤਰਾਲੇ ਨੇ ਕਿਹਾ ਕਿ ਇਹ ਕਮੇਟੀਆਂ ਸਾਰੇ ਕੈਦੀਆਂ ਦੇ ਰਿਕਾਰਡ ਦੀ ਘੋਖ ਮਗਰੋਂ ਯੋਗ ਕੈਦੀਆਂ ਦੀ ਪਛਾਣ ਕਰਨਗੀਆਂ। ਅਜਿਹੇ ਕੇਸ ਜਿੱਥੇ ਕਾਨੂੰਨ ਕੇਂਦਰ ਸਰਕਾਰ ਦੀ ਪ੍ਰਵਾਨਗੀ ਲੋੜੀਂਦੀ ਹੈ, ਗ੍ਰਹਿ ਮੰਤਰਾਲੇ ਨੂੰ ਭੇਜੇ ਜਾਣਗੇ।




## ਕੈਨੇਡੀਅਨ ਰਾਜਦੂਤ ਨੂੰ ਪੂੰਜੀਪਤੀ ਖਿਲਾਫ ਅਦਾਲਤੀ ਕਾਰਵਾਈ ਵਿੱਚ ਸ਼ਾਮਲ ਹੋਣ ਤੋਂ ਚੀਨ ਨੇ ਰੋਕਿਆ

ਪੇਈਚਿੰਗ, 6 ਜੁਲਾਈ (ਪੋਸਟ ਬਿਊਰੋ)- ਚੀਨੀ ਅਧਿਕਾਰੀਆਂ ਨੇ ਕੈਨੇਡੀਅਨ ਰਾਜਦੂਤ ਨੂੰ ਚੀਨ ਵਿੱਚ ਜਨਮੇ ਅਤੇ ਪੰਜ ਸਾਲ ਪਹਿਲਾਂ ਹਾਂਗਕਾਂਗ ਤੋਂ ਲਾਪਤਾ ਹੋਏ ਕੈਨੇਡੀਅਨ ਪੂੰਜੀਪਤੀ ਦੇ ਖਿਲਾਫ ਅਦਾਲਤੀ ਕਰਵਾਈ ਵਿੱਚ ਸ਼ਾਮਲ ਹੋਣ ਤੋਂ ਰੋਕ ਦਿੱਤਾ ਹੈ। ਇਸ ਬਾਰੇ ਦਾਅਵਾ ਕੈਨੇਡੀਅਨ ਸਰਕਾਰ ਨੇ ਕੱਲ੍ਹ ਕੀਤਾ ਹੈ।

ਸ਼ਿਆਓ ਜਿਆਨਹੂਆ ਨੂੰ ਜਨਵਰੀ 2017 ਵਿੱਚ ਹਾਂਗਕਾਂਗ ਦੇ ਹੋਟਲ ਵਿੱਚ ਵੇਖਿਆ ਗਿਆ ਸੀ ਤੇ ਮੰਨਿਆ ਜਾਂਦਾ ਹੈ ਕਿ ਚੀਨੀ ਅਧਿਕਾਰੀ ਉਸ ਨੂੰ ਵਾਪਸ ਚੀਨ ਲੈ ਗਏ ਹਨ। ਬਾਅਦ ਦੀਆਂ ਖਬਰਾਂ ਦੇ ਮੁਤਾਬਕ ਉਸੇ ਸਾਲ ਭ੍ਰਿਸ਼ਟਾਚਾਰ ਵਿਰੋਧੀ ਅਧਿਕਾਰੀਆਂ ਨੇ ਪੂੰਜੀਪਤੀ ਨੂੰ ਪੁੱਛਗਿੱਛ ਲਈ ਜਾਂਚ ਅਧੀਨ ਰੱਖਿਆ ਸੀ। ਚੀਨ ਸਰਕਾਰ ਨੇ ਅਧਿਕਾਰਤ ਤੌਰ ਉੱਤੇ ਕੋਈ ਵੇਰਵੇ ਜਾਰੀ ਨਹੀਂ ਸਨ ਕੀਤੇ ਅਤੇ ਕਦੇ ਵੀ ਪੁਸ਼ਟੀ ਨਹੀਂ ਕੀਤੀ ਕਿ 'ਟੂਮਾਰੋ ਗਰੁੱਪ' ਦਾ ਬਾਨੀ ਸ਼ਿਆਓ, ਜੋ ਲੜੀਵਾਰ ਭ੍ਰਿਸ਼ਟਾਚਾਰ ਵਿਰੋਧੀ ਕੇਸਾਂ ਦੀ ਪੁੱਛਗਿੱਛ ਨਾਲ ਜੁੜਿਆ ਹੋਇਆ ਸੀ ਤੇ ਨਿਗਰਾਨਾਂ ਨੇ ਉਸ ਦੀਆਂ ਕਈ ਵਿੱਤੀ ਕੰਪਨੀਆਂ ਨੂੰ



ਸ਼ਿਆਓ ਜਿਆਨਹੂਆ

ਜ਼ਬਤ ਕੀਤਾ ਸੀ, ਨੂੰ ਹਿਰਾਸਤ ਵਿੱਚ ਲਿਆ ਜਾਂ ਉਸ ਨੂੰ ਕਿਹੜੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕੈਨੇਡੀਅਨ ਸਰਕਾਰ ਨੇ ਕਿਹਾ ਕਿ ਸ਼ਿਆਓ ਦਾ ਕੋਰਟ ਟਰਾਇਲ ਪਹਿਲਾਂ ਬੀਤੇ ਸੋਮਵਾਰ ਨੂੰ ਸੀ। ਕੈਨੇਡੀਅਨ ਸਰਕਾਰ ਨੇ ਬਿਆਨ ਵਿੱਚ ਕਿਹਾ, ''ਕੈਨੇਡਾ ਨੇ ਟਰਾਇਲ ਦੀ ਕਾਰਵਾਈ ਵਿੱਚ ਸ਼ਾਮਲ ਹੋਣ ਲਈ ਕਈ ਵਾਰ ਬੇਨਤੀ ਕੀਤੀ, ਪਰ ਚੀਨੀ ਅਥਾਰਟੀਜ਼ ਨੇ ਸਾਡੀ ਹਾਜ਼ਰੀ ਤੋਂ ਨਾਂਹ ਕਰ ਦਿੱਤੀ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜ਼ਾਓ ਲਿਜੀਆਨ ਨੇ ਕਿਹਾ ਕਿ ਸਾਡੇ ਕੋਲ ਸ਼ਿਆਓ ਬਾਰੇ ਕੋਈ ਜਾਣਕਾਰੀ ਨਹੀਂ ਹੈ।

## ਇਟਲੀ ਵਿੱਚ ਕਾਮਿਆਂ ਵੱਲੋਂ ਆਪਣੇ ਹੱਕਾਂ ਲਈ ਚੱਕਾ ਜਾਮ

ਰੋਮ, 6 ਜੁਲਾਈ (ਪੋਸਟ ਬਿਊਰੋ)- ਇਟਲੀ ਦੀ ਨੈਸ਼ਨਲ ਪੱਧਰ ਦੀ ਪ੍ਰਸਿੱਧ ਕੰਪਨੀ ਰਿਸਪਾਰਮੀਓ ਕਾਸਾਂ ਵਿੱਚ ਗਲੋਬਲ ਲੌਜਸਟੀਕਾ ਕੰਪਨੀ ਵਿਰੁੱਧ ਸੂਬਾ ਲਾਸੀਓ ਦੇ ਸ਼ਹਿਰ ਪੋਮੇਸੀਆ ਵਿਖੇ ਕੰਮ ਕਰ ਰਹੇ ਲਗਭਗ 130 ਤੋਂ ਵੱਧ ਵਰਕਰਾਂ 'ਚੋਂ ਨੱਬੇ ਦੇ ਕਰੀਬ ਵਰਕਰਾਂ ਵੱਲੋਂ ਕੰਪਨੀ ਦੀਆਂ ਗਲਤ ਨੀਤੀਆਂ ਦੇ ਖਿਲਾਫ ਤੇ ਪਿਛਲੇ ਦੋ ਮਹੀਨਿਆਂ ਦੀਆਂ ਵਰਕਰਾਂ ਨੂੰ ਤਨਖਾਹ ਨਾ ਦੇਣ ਕਰ ਕੇ ਹੜਤਾਲ ਕੀਤੀ ਹੋਈ ਹੈ।

ਇਸ ਬਾਰੇ ਇਟਲੀ ਦੀ ਸੰਸਥਾ ਉਜੀਐਲ ਦੇ ਸਿੰਡੀਕੇਟ ਕ੍ਰੀਸਤੀਆਨੋ ਵੱਲੋਂ ਪ੍ਰੈਸ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਅਸੀਂ ਵਰਕਰਾਂ ਦੇ ਨੈਸ਼ਨਲ ਪੱਧਰ ਉੱਤੇ ਮਿਲਣ ਵਾਲੇ ਹੱਕਾਂ ਲਈ ਗਲੋਬਲ ਲੋਜੀਸਟੀਕਾ ਅਤੇ ਰਿਸਪਾਰਮੀਓ ਕਾਸਾਂ ਕੰਪਨੀ ਦੇ ਵਿਰੁੱਧ ਲੜ ਰਹੇ ਹਾਂ, ਕਿਉਂਕਿ ਇਹ ਕੰਪਨੀ ਵੱਲੋਂ ਵਰਕਰਾਂ ਦੇ ਹੱਕਾਂ ਨੂੰ ਦੱਬ ਕੇ ਉਨ੍ਹਾਂ ਦਾ ਸ਼ੋਸ਼ਣ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੰਸਥਾ, ਜੋ ਇਟਲੀ ਭਰ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਦੀ ਹੈ, ਉਨ੍ਹਾਂ ਦਾ ਮਕਸਦ




ਸਰਕਾਰ ਤੇ ਪ੍ਰਾਈਵੇਟ ਅਦਾਰਿਆਂ ਵੱਲੋਂ ਵਰਕਰਾਂ ਦੇ ਹੱਕਾਂ ਉੱਤੇ ਡਾਕੇ ਮਾਰਨ ਵਾਲੇ ਲੋਕਾਂ ਨੂੰ ਰੋਕਣਾ ਹੁੰਦਾ ਹੈ।ਸੂਬੇ ਦੀ ਰਾਜਨੀਤਕ ਪਾਰਟੀ 'ਲੇਗਾ' ਦੇ ਸੂਬਾ ਸਲਾਹਕਾਰ ਦਾਨੈਲੇ ਜਾਨੀਨੀ ਨੇ ਵੀ ਇਸ ਕੰਪਨੀ ਦੇ ਅਧਿਕਾਰੀਆਂ ਦੀ ਸਖਤ ਆਲੋਚਨਾ ਕੀਤੀਹੈ ਅਤੇ ਉਨ੍ਹਾਂ ਕਿਹਾ ਕਿ ਜੇ ਕੰਪਨੀ ਵਰਕਰਾਂ ਨਾਲ ਸਮਝੌਤਾ ਨਹੀਂ ਕਰਦੀ ਅਤੇ ਉਨ੍ਹਾਂ ਦੇ ਬਣਦੇ ਭੱਤੇ ਤੇ ਉਨ੍ਹਾਂ ਦੀ ਰਹਿੰਦੀ ਦੋ ਮਹੀਨਿਆਂ ਦੀ ਤਨਖਾਹ ਨਾ ਦੇਵਗੀ ਤਾਂ ਉਨ੍ਹਾਂ ਦੀ ਪਾਰਟੀ ਵੱਲੋਂ ਕੰਪਨੀ ਉੱਤੇ ਬਣਦੀ ਕਾਰਵਾਈ ਕੀਤੀ ਜਾਵੇਗੀ।



GOLD CREW ENTERTAINMENT PROUDLY
PRESENTS
ID MEDIA
BLUE ROSE
REALTY INC. BROKERAGE
RAJVIR JAWANDA
MANPREET TOOR
Rang Punjab de
ਰੰਗ ਪੰਜਾਬ ਦੇ
SCAN HERE
WWW.TICKETMASTER.CA
SATURDAY, JULY 16TH
PARAMOUNT FINE FOODS CENTRE
(5500 ROSE CHERRY PL, MISSISSAUGA, ON, L4Z 4B6)
BALWINDER THIND: 647.273.2025 | GARRY THIND: 416.829.9860
LIVE IN
TORONTO
HOSTED BY MANPREET TOOR
GOLD SPONSORS
JMD EXPRESS
UNITED PETROLEUM TRANSPORT
SKYDOME GROUP OF COMPANIES
SILVER SPONSORS
AIRPRO Mechanical
cross merge
BVD Group
GULFLINE GROUP LTD
Infinity HVAC Ltd.
mpi print & packaging
WAVE FREIGHT SYSTEMS LTD.
CIC
Ameri-Can SYSTEMS
BRONZE SPONSORS
NEW GEN
Insurance Bazaar
VISIONCRAFTERS
AUTOBAHN
ROYAL CANADIAN PLUMBING INC
JET IMMIGRATION
Capital Hands
ID MEDIA
EMERALD
DIAMOND HOME RENOVATION
TRUSTED TRUCK SALES
Charger Truck Sales
Best Bargain
DALJIT SINGH | KULDEEP JOSAN | DALJEET VIRK | RAMAN THIND | BRINDERPAL THIND




# ਗਲੋਬਲ ਧਰਮ ਸੰਮੇਲਨ ਵਿੱਚ ਬ੍ਰਿਟਿਸ਼ ਵਿਦੇਸ਼ ਮੰਤਰੀ ਨੇ ਹਿੰਦੂਆਂ 'ਤੇ ਜ਼ੁਲਮ ਦਾ ਮੁੱਦਾ ਚੁੱਕਿਆ

ਲੰਡਨ, 6 ਜੁਲਾਈ (ਪੋਸਟ ਬਿਊਰੋ)- ਬ੍ਰਿਟੇਨ ਸਰਕਾਰ ਨੇ ਕੱਲ੍ਹ ਇੱਥੇ ਦੋ ਦਿਨਾਂ ਫਰੀਡਮ ਆਫ ਰਿਲੀਜ਼ਨ ਆਰ ਬਿਲੀਵ (ਐਫ ਓ ਆਰ ਬੀ) ਗਲੋਬਲ ਸੰਮੇਲਨ ਦੇ ਉਦਘਾਟਨ ਮੌਕੇ ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿੱਚ ਹਿੰਦੂਆਂ ਉੱਤੇ ਹੋ ਰਹੇ ਅਤਿਆਚਾਰ ਦੇ ਵਿਸ਼ੇ ਨੂੰ ਉਠਾਇਆ।ਇਸ ਨਾਲ ਬਹਿਸ ਭਖ ਸਕਦੀ ਹੈ।



ਕੁਈਨ ਐਲਿਜ਼ਾਬੈਥ 2 ਸੈਂਟਰ ਵਿੱਚ ਆਪਣੇ ਭਾਸ਼ਣ ਵਿੱਚ ਬ੍ਰਿਟੇਨ ਦੀ ਵਿਦੇਸ਼ ਮੰਤਰੀ ਲਿਜ ਟਰੂਸ ਨੇ ਕਿਹਾ ਕਿ ਐਫ ਓ ਆਰ ਬੀ ਬੋਲਣ ਦੀ ਆਜ਼ਾਦੀ ਜਾਂ ਲੋਕਤੰਤਰ ਦੀ ਆਜ਼ਾਦੀ ਜਾਂ ਲੋਕਤੰਤਰ ਦੀ ਆਜ਼ਾਦੀ ਵਾਂਗ ਮੌਲਿਕ ਆਜ਼ਾਦੀ ਹੈ, ਪਰ ਵਿਸ਼ਵ ਦੀ ਅੱਸੀ ਫੀਸਦੀ ਤੋਂ ਵੱਧ ਆਬਾਦੀ ਉਨ੍ਹਾਂ ਦੇਸ਼ਾਂ ਵਿੱਚ ਰਹਿੰਦੀ ਹੈ, ਜਿੱਥੇ ਐਫ ਓ ਆਰ ਬੀ ਖਤਰੇ ਵਿੱਚ ਹੈ। ਸੰਮੇਲਨ ਦੇ ਮੇਜ਼ਬਾਨ ਦੇਸ਼ ਬ੍ਰਿਟੇਨ ਨੇ ਸਦੀਆਂ ਤਕ ਯਹੂਦੀਆਂ ਦੇ ਭਿਆਨਕ ਜ਼ੁਲਮ, ਸ਼ਿਨਝਿਆਂਗ ਖੇਤਰ ਵਿੱਚ ਉਈਗਰ ਮੁਸਲਮਾਨਾਂ ਉੱਤੇ ਚੀਨ ਦੇ ਜ਼ੁਲਮ, ਨਾਈਜ਼ੀਰੀਆ ਵਿੱਚ ਇਸਾਈਆਂ ਉੱਤੇਜ਼ੂਲਮ ਅਤੇ ਅਫਗਾਨਿਸਤਾਨ ਵਿੱਚ ਘੱਟਗਿਣਤੀ ਭਾਈਚਾਰਿਆਂ ਦੀ ਸਥਿਤੀ ਦਾ ਜ਼ਿਕਰ ਕੀਤਾ ਹੈ।ਟਰੂਸ ਨੇ ਕਿਹਾ ਕਿ ਕੁਝ ਗਿਣੀਆਂ-ਚੁਣੀਆਂ ਮਿਸਾਲਾਂ ਹਨ ਅਤੇ ਅਸੀਂ ਜਾਣਦੇ ਹਾਂ ਕਿ ਹਿੰਦੂ, ਮਾਨਵਵਾਦੀ ਤੇ ਕਈ ਹੋਰ ਭਾਈਚਾਰਿਆਂ ਦਾ ਉਨ੍ਹਾਂ ਦੇ ਵਿਸ਼ਵਾਸ ਕਾਰਨ ਅਤਿਆਚਾਰ ਕੀਤਾ ਜਾਂਦਾ ਹੈ। ਇਹ ਅਤਿਆਚਾਰ ਵੱਖਵਾਦ ਅਤੇ ਵਿਤਕਰੇ ਬਾਰੇ ਜ਼ਬਰੀ ਧਰਮ ਪਰਿਵਰਤਨ ਤਕ, ਧਾਰਮਿਕ ਸਥਾਨਾਂ ਦੀ ਤੋੜ ਭੰਨ ਅਤੇ ਨਿਸ਼ਾਨਾ ਬਣਾ ਕੇ ਹੱਤਿਆਵਾਂ ਤਕ ਦੇਖਣ ਨੂੰ ਮਿਲਦਾ ਹੈ।

